# Punjab Government Gazette

## EXTRAORDINARY

***Published by Authority***

CHANDIGARH, SATURDAY, NOVEMBER 29, 2025
(AGRAHAYANA 8, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | **ਐਕਟ** | |
| | 1. ਪੰਜਾਬ ਭਿਖਿਆ ਰੋਕਥਾਮ ਐਕਟ, 1971 (1971 ਦਾ ਪੰਜਾਬ ਐਕਟ ਨੰ. 9) | ... 703-713 |
| | 2. ਪੰਜਾਬ ਵਿਸ਼ੇਸ਼ ਅਧਿਆਪਕ ਭਰਤੀ ਐਕਟ, 1997 (1998 ਦਾ ਪੰਜਾਬ ਐਕਟ ਨੰ. 8) | ... 715-716 |
| | 3. ਪੰਜਾਬ ਗਊ-ਜਾਤੀ ਨਸਲਕਸ਼ੀ ਐਕਟ, 2016 (2016 ਦਾ ਪੰਜਾਬ ਐਕਟ ਨੰ. 17) | ... 717-732 |
| ਭਾਗ II | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ III | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ IV | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ-I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 28 ਨਵੰਬਰ, 2025

ਨੰ: 57/ਭ.ਕ./2025.- ਪੰਜਾਬ ਭਿਖਿਆ ਰੋਕਥਾਮ ਐਕਟ, 1971 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 28th November, 2025

**No. 57/L.C./2025.**- The Translation in Punjabi of the Punjab Prevention of Beggary Act, 1971 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਭਿਖਿਆ ਰੋਕਥਾਮ ਐਕਟ, 1971

(1971 ਦਾ ਪੰਜਾਬ ਐਕਟ ਨੰ: 9)

ਪ੍ਰਮਾਣਤ ਸੰਸਥਾਵਾਂ ਵਿੱਚ ਭਿਖਾਰੀਆਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਨੂੰ ਭਿਖਿਆ ਮੰਗਣ, ਨਜ਼ਰਬੰਦ ਕਰਨ, ਸਿਖਲਾਈ ਦੇਣ ਅਤੇ ਨਿਯੋਜਨ ਤੇ ਲਾਉਣ ਤੋਂ ਰੋਕਣ ਅਤੇ ਭਿਖਾਰੀ ਅਪਰਾਧੀਆਂ ਨੂੰ ਹਿਰਾਸਤ, ਵਿਚਾਰਣ ਅਤੇ ਸਜ਼ਾ ਦੇਣ ਦਾ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਾਈਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਭਿਖਿਆ ਰੋਕਥਾਮ ਐਕਟ, 1971 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਵਿਸਤਾਰ।

(2) ਇਹ ਰਾਜ ਦੇ ਕਿਸੇ ਵੀ ਖੇਤਰ ਵਿੱਚ, ਅਜਿਹੀ ਤਰੀਕ ਤੋਂ ਨਾਫ਼ਜ਼ ਹੋਵੇਗਾ, ਜਿਵੇਂ ਰਾਜ ਸਰਕਾਰ ਉਸ ਖੇਤਰ ਦੇ ਨਮਿੱਤ ਅਧਿਸੂਚਨਾ ਦੁਆਰਾ ਨਿਯਤ ਕਰੇ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ- ਪਰਿਭਾਸ਼ਾਵਾਂ।

(1) 'ਭਿਖਿਆ ਮੰਗਣਾ' ਦਾ ਮਤਲਬ ਹੈ-

(ੳ) ਕਿਸੇ ਜਨਤਕ ਸਥਾਨ ਤੇ ਭਿਖਿਆ ਦੀ ਜਾਚਨਾ ਕਰਨਾ ਜਾਂ ਪ੍ਰਾਪਤ ਕਰਨਾ, ਭਾਵੇਂ ਉਹ ਕਿਸੇ ਵੀ ਬਹਾਨੇ ਅਧੀਨ ਹੋਵੇ ਜਾਂ ਨਾ ਜਿਵੇਂ ਕਿ ਗਾਉਣਾ, ਨੱਚਣਾ, ਕਿਸਮਤ ਦੱਸਣਾ, ਕਰਤੱਵ ਦਿਖਾਉਣਾ ਜਾਂ ਚੀਜਾਂ ਵੇਚਣਾ;

(ਅ) ਨਿਰਬਾਹ ਦਾ ਕੋਈ ਦ੍ਰਿਸ਼ਟੀਮਾਨ ਸਾਧਨ ਨਾ ਹੋਣਾ ਅਤੇ ਕਿਸੇ ਜਨਤਕ ਸਥਾਨ ਤੇ ਅਜਿਹੀ ਸਥਿਤੀ ਜਾਂ ਤਰੀਕੇ ਨਾਲ ਭਟਕਣਾ ਜਾਂ ਰਹਿਣਾ ਜਿਸ ਨਾਲ ਇਹ ਸੰਭਾਵੀ ਬਣ ਜਾਵੇ ਕਿ ਉਹ ਵਿਅਕਤੀ ਭਿਖਿਆ ਦੀ ਜਾਚਨਾ ਜਾਂ ਪ੍ਰਾਪਤੀ ਦੁਆਰਾ ਹੀ ਹੋਂਦ ਵਿੱਚ ਹੈ;

(ੲ) ਭਿਖਿਆ ਦੀ ਜਾਚਨਾ ਜਾਂ ਪ੍ਰਾਪਤ ਕਰਨ ਦੇ ਪ੍ਰਯੋਜਨ ਲਈ ਕਿਸੇ ਨਿੱਜੀ ਸਥਾਨ ਵਿੱਚ ਦਾਖ਼ਲ ਹੋਣਾ:

(ਸ) ਭਿਖਿਆ ਪ੍ਰਾਪਤ ਕਰਨ ਜਾਂ ਜਬਰਨ ਪ੍ਰਾਪਤ ਕਰਨ ਦੇ ਉਦੇਸ਼ ਨਾਲ, ਕਿਸੇ ਫੋੜੇ, ਜਖ਼ਮ, ਸੱਟ, ਵਿਗਾੜ ਜਾਂ ਰੋਗ, ਭਾਵੇਂ ਉਹ ਮਨੁੱਖ ਦਾ ਹੋਵੇ ਜਾਂ ਜਾਨਵਰ ਦਾ, ਦ੍ਰਿਸ਼ਤ ਜਾਂ ਪ੍ਰਦਰਸ਼ਨ ਕਰਨਾ; ਜਾਂ

(ਹ) ਭਿਖਿਆ ਦੀ ਜਾਚਨਾ ਜਾਂ ਪ੍ਰਾਪਤ ਕਰਨ ਦੇ ਪ੍ਰਯੋਜਨ ਲਈ ਪ੍ਰਦਰਸ਼ਤ ਕਰਨ ਵਜੋਂ ਆਪਣੇ ਆਪ ਨੂੰ ਵਰਤੇ ਜਾਣ ਦੀ ਆਗਿਆ ਦੇਣਾ:

ਪਰੰਤੂ ਇਸ ਵਿੱਚ ਕਿਸੇ ਕਾਨੂੰਨ ਦੁਆਰਾ ਅਧਿਕਾਰਤ ਜਾਂ ਮੁਕੱਰਰ ਤਰੀਕੇ ਨਾਲ ਅਧਿਕਾਰਤ ਪ੍ਰਯੋਜਨ ਲਈ ਧਨ ਜਾਂ ਭੋਜਨ ਜਾਂ ਤੋਹਫ਼ਿਆਂ ਦੀ ਜਾਚਨਾ ਕਰਨਾ ਜਾਂ ਪ੍ਰਾਪਤ ਕਰਨਾ ਸ਼ਾਮਲ ਨਹੀਂ ਹੈ;

(2) 'ਪ੍ਰਮਾਣਤ ਘਰ' ਦਾ ਮਤਲਬ ਹੈ ਇੱਕ ਘਰ ਜੋ ਰਾਜ ਸਰਕਾਰ ਦੁਆਰਾ ਜਾਂ ਇਸ ਦੇ ਨਮਿੱਤ ਸ਼ਕਤੀ ਪ੍ਰਾਪਤ ਕੋਈ ਮਾਤਹਿਤ ਅਥਾਰਟੀ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ ਜੋ ਕੋੜ੍ਹ ਜਾਂ ਕਿਸੇ ਹੋਰ ਲਾਗ ਜਾਂ ਛੂਤ ਦੇ ਰੋਗ ਤੋਂ ਪੀੜ੍ਹਤ ਭਿਖਾਰੀਆਂ ਨੂੰ ਰੱਖਣ ਲਈ ਇੱਕ ਉਚਿਤ ਥਾਂ ਵਜੋਂ ਰਾਜ ਸਰਕਾਰ ਦੁਆਰਾ ਇਸ ਦੇ ਨਮਿੱਤ ਅਧਿਸੂਚਿਤ ਕੀਤਾ ਗਿਆ ਹੈ;

(3) 'ਪ੍ਰਮਾਣਤ ਸੰਸਥਾ' ਦਾ ਮਤਲਬ ਹੈ ਕੋਈ ਸੰਸਥਾ ਜਿਸ ਨੂੰ ਰਾਜ ਸਰਕਾਰ ਭਿਖਾਰੀਆਂ ਅਤੇ ਉਹਨਾਂ ਦੇ ਆਸ਼ਰਿਤਾਂ ਦੀ ਨਜ਼ਰਬੰਦੀ, ਸਿਖਲਾਈ ਅਤੇ ਰੁਜ਼ਗਾਰ ਲਈ ਪ੍ਰਦਾਨ ਕਰਦੀ ਹੈ ਅਤੇ ਕਾਇਮ ਰੱਖਦੀ ਹੈ ਅਤੇ ਇਸ ਵਿੱਚ ਪ੍ਰਮਾਣਤ ਘਰ, ਵਿਸ਼ੇਸ਼ ਘਰ ਜਾਂ ਕਾਰਜ ਘਰ ਸ਼ਾਮਲ ਹਨ;

(4) 'ਮੁੱਖ ਇੰਸਪੈਕਟਰ' ਦਾ ਮਤਲਬ ਹੈ ਉਹ ਵਿਅਕਤੀ ਜਿਸ ਨੂੰ ਧਾਰਾ 14 ਅਧੀਨ ਪ੍ਰਮਾਣਤ ਸੰਸਥਾਵਾਂ ਦੇ ਮੁੱਖ ਇੰਸਪੈਕਟਰ ਵਜੋਂ ਨਿਯੁਕਤ ਕੀਤਾ ਗਿਆ ਹੋਵੇ;

(5) 'ਬੱਚੇ' ਦਾ ਮਤਲਬ ਹੈ ਇੱਕ ਵਿਅਕਤੀ ਜਿਸ ਦੀ ਉਮਰ ਸੋਲ੍ਹਾਂ ਸਾਲਾਂ ਤੋਂ ਥੱਲੇ ਹੋਵੇ;

(6) 'ਅਦਾਲਤ ਦਾ ਮਤਲਬ ਹੈ ਮੈਜਿਸਟਰੇਟ ਦੀ ਅਦਾਲਤ ਜੋ ਦੂਜੇ ਦਰਜੇ ਤੋਂ ਘੱਟ ਨਾ ਹੋਵੇ;

(7) 'ਸਰਪ੍ਰਸਤ' ਦਾ ਮਤਲਬ ਹੈ ਉਹ ਵਿਅਕਤੀ ਜੋ ਕਿਸੇ ਬੱਚੇ ਦੇ ਮਾਪਿਆ ਦੀ ਗੈਰ-ਹਾਜ਼ਰੀ ਵਿੱਚ, ਜਾਂ ਉਹਨਾਂ ਦੀ ਮੌਤ ਦੀ ਸੂਰਤ ਵਿੱਚ ਉਸ ਦਾ ਧਿਆਨ ਰੱਖਦਾ ਹੈ ਜਾਂ ਉਸਦੀ ਦੇਖਭਾਲ ਕਰਦਾ ਹੈ;

(8) 'ਮਾਤਾ-ਪਿਤਾ' ਦਾ ਮਤਲਬ ਹੈ ਬੱਚੇ ਦਾ ਪਿਤਾ ਜਾਂ ਮਾਤਾ;

(9) 'ਪੁਲਿਸ ਅਧਿਕਾਰੀ' ਦਾ ਮਤਲਬ ਹੈ ਇੱਕ ਪੁਲਿਸ ਅਧਿਕਾਰੀ ਜੋ ਸਹਾਇਕ ਸਬ ਇੰਸਪੈਕਟਰ ਦੇ ਰੈਂਕ ਤੋਂ ਥੱਲੇ ਨਾ ਹੋਵੇ;

(10) 'ਮੁਕੱਰਰ' ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(11) 'ਪਰਖ ਅਧਿਕਾਰੀ' ਦਾ ਮਤਲਬ ਹੈ ਅਧਿਕਾਰੀ ਜੋ ਧਾਰਾ 14 ਅਧੀਨ ਪਰਖ ਅਧਿਕਾਰੀ ਵਜੋਂ ਨਿਯੁਕਤ ਕੀਤਾ ਗਿਆ ਹੋਵੇ;

(12) 'ਜਨਤਕ ਸਥਾਨ' ਵਿੱਚ ਰੇਲਵੇ ਸਟੇਸ਼ਨ ਅਤੇ ਕੋਈ ਖੁੱਲ੍ਹੀ ਥਾਂ ਸ਼ਾਮਲ ਹੈ, ਜਿੱਥੇ ਲੋਕਾਂ ਨੂੰ ਭਾਵੇਂ ਭੁਗਤਾਨ ਤੇ ਜਾਂ ਹੋਰ ਤਰ੍ਹਾਂ ਤੱਤ ਸਮੇਂ ਲਈ ਜਾਂ ਪਹੁੰਚ ਦੀ ਇਜਾਜ਼ਤ ਹੋਵੇ;

(13) 'ਵਿਸ਼ੇਸ਼ ਘਰ' ਦਾ ਮਤਲਬ ਹੈ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਇੱਕ ਘਰ ਜੋ ਭਿਖਾਰੀਆਂ ਨੂੰ ਰੱਖਣ ਲਈ ਢੁੱਕਵਾਂ ਹੋਵੇ ਜੋ ਸਰੀਰਕ ਤੌਰ ਤੇ ਆਮ ਹੱਥੀ ਕਾਰ ਕਰਨ ਦੇ ਸਮਰੱਥ ਨਾ ਹੋਣ ਪਰ ਕੋੜ੍ਹ ਜਾਂ ਕਿਸੇ ਹੋਰ ਲਾਗ ਵਾਲੀ ਜਾਂ ਛੂਤ ਵਾਲੀ ਬਿਮਾਰੀ ਤੋਂ ਪੀੜ੍ਹਤ ਨਾ ਹੋਣ;

(14) 'ਕਾਰਜ ਘਰ' ਦਾ ਮਤਲਬ ਹੈ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੀ ਥਾਂ ਜੋ ਸਰੀਰਕ ਤੌਰ ਤੇ ਸਾਧਾਰਨ ਹੱਥੀ ਕਾਰ ਕਰਨ ਦੇ ਸਮਰੱਥ ਭਿਖਾਰੀਆਂ ਨੂੰ ਰੱਖਣ ਲਈ ਢੁੱਕਵੀਂ ਹੋਵੇ।

ਭਿਖਿਆ ਮੰਗਣ ਵਾਲੇ ਵਿਅਕਤੀ ਨੂੰ ਅਦਾਲਤ ਅੱਗੇ ਪੇਸ਼ ਹੋਣ ਲਈ ਮਜ਼ਬੂਰ ਕਰਨ ਦੀ ਸ਼ਕਤੀ।

3. (1) ਕੋਈ ਪੁਲਿਸ ਅਧਿਕਾਰੀ ਜਾਂ ਜ਼ਿਲ੍ਹਾ ਮੈਜਿਸਟਰੇਟ ਦੁਆਰਾ ਇਸ ਨਮਿੱਤ ਅਧਿਕਾਰਤ ਹੋਰ ਵਿਅਕਤੀ ਕਿਸੇ ਵਿਅਕਤੀ ਨੂੰ ਜੋ ਭਿਖਿਆ ਮੰਗਦਾ ਪਾਇਆ ਜਾਂਦਾ ਹੈ, ਬਿਨਾਂ ਵਰੰਟ ਦੇ ਗ੍ਰਿਫ਼ਤਾਰ ਕਰ ਸਕੇਗਾ:

ਪਰੰਤੂ ਕੋਈ ਵਿਅਕਤੀ ਕਿਸੇ ਵੀ ਸਥਾਨ ਤੇ ਜੋ ਜਨਤਕ ਸਥਾਨ ਨਾ ਹੋਵੇ, ਤੇ ਭਿਖਿਆ ਮੰਗਦਾ ਪਾਇਆ ਜਾਂਦਾ ਹੈ, ਨੂੰ ਅਜਿਹੇ ਸਥਾਨ ਦੇ ਦਖ਼ੀਲਕਾਰ ਦੁਆਰਾ

ਸ਼ਿਕਾਇਤ ਦੇ ਸਿਵਾਏ ਇਸ ਤਰ੍ਹਾਂ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ ਜਾਂ ਇਸ ਐਕਟ ਦੇ ਅਧੀਨ ਕੋਈ ਕਾਰਵਾਈ ਲਈ ਭਾਗੀ ਨਹੀਂ ਹੋਵੇਗਾ।

(2) ਅਜਿਹਾ ਪੁਲਿਸ ਅਧਿਕਾਰੀ ਜਾਂ ਹੋਰ ਵਿਅਕਤੀ ਇਸ ਤਰ੍ਹਾਂ ਗ੍ਰਿਫ਼ਤਾਰ ਕੀਤੇ ਵਿਅਕਤੀ ਨੂੰ ਅਦਾਲਤ ਵਿੱਚ ਲੈ ਕੇ ਜਾਵੇਗਾ ਜਾਂ ਭੇਜੇਗਾ।

(3) ਇਸ ਧਾਰਾ ਦੇ ਅਧੀਨ ਕੀਤੀਆਂ ਗਈਆਂ ਗ੍ਰਿਫ਼ਤਾਰੀਆਂ ਤੇ ਫ਼ੌਜਦਾਰੀ ਜ਼ਾਬਤਾ ਸੰਘਤਾ, 1898 ਦੀ ਧਾਰਾ 61 ਦੇ ਉਪਬੰਧ ਲਾਗੂ ਹੋਣਗੇ ਅਤੇ ਪੁਲਿਸ ਸਟੇਸ਼ਨ ਦਾ ਇੰਚਾਰਜ ਅਧਿਕਾਰੀ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਨੂੰ ਮੁਕੱਰਰ ਕੀਤੇ ਤਰੀਕੇ ਨਾਲ ਰੱਖਣਾ ਕਾਰਤ ਕਰੇਗਾ ਜਦੋਂ ਤੱਕ ਉਸ ਨੂੰ ਅਦਾਲਤ ਅੱਗੇ ਪੇਸ਼ ਨਹੀਂ ਕੀਤਾ ਜਾਂਦਾ।

ਭਿਖਿਆ ਮੰਗਦੇ ਪਾਏ ਗਏ ਵਿਅਕਤੀਆਂ ਬਾਰੇ ਸਰਸਰੀ ਜਾਂਚ ਅਤੇ ਉਹਨਾਂ ਦੀ ਨਜ਼ਰਬੰਦੀ।

4. (1) ਜਿੱਥੇ ਵਿਅਕਤੀ ਨੂੰ ਧਾਰਾ 3 ਅਧੀਨ ਅਦਾਲਤ ਅੱਗੇ ਪੇਸ਼ ਕੀਤਾ ਜਾਂਦਾ ਹੈ, ਅਦਾਲਤ ਉਸ ਦੂਸ਼ਣ ਦੇ ਬਾਬਤ ਕਿ ਉਹ ਭਿਖਿਆ ਮੰਗਦਾ ਪਾਇਆ ਗਿਆ ਸੀ, ਮੁਕੱਰਰ ਤਰੀਕੇ ਨਾਲ ਇੱਕ ਸਰਸਰੀ ਜਾਂਚ ਕਰੇਗੀ।

(2) ਜੇ ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਜਾਂਚ ਤਤਕਾਲ ਪੂਰੀ ਨਹੀਂ ਕੀਤੀ ਜਾ ਸਕਦੀ, ਤਾਂ ਅਦਾਲਤ ਇਸ ਨੂੰ ਸਮੇਂ ਸਮੇਂ ਤੇ ਸਥੱਗਤ ਕਰ ਸਕਦੀ ਹੈ ਅਤੇ ਵਿਅਕਤੀ ਨੂੰ ਅਜਿਹੀ ਜਗ੍ਹਾ ਅਤੇ ਹਿਰਾਸਤ ਵਿੱਚ ਭੇਜੇ ਜਾਣ ਦਾ ਹੁਕਮ ਦੇ ਸਕਦੀ ਹੈ ਜੋ ਸੁਵਿਧਾਜਨਕ ਹੋਵੇ।

(3) ਜੇ, ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਜਾਂਚ ਕਰਨ ਤੇ, ਅਦਾਲਤ ਸੰਤੁਸ਼ਟ ਨਹੀਂ ਹੈ ਕਿ ਵਿਅਕਤੀ ਭਿਖਿਆ ਮੰਗਦਾ ਪਾਇਆ ਗਿਆ ਸੀ ਤਾਂ ਅਦਾਲਤ ਅਜਿਹੇ ਵਿਅਕਤੀ ਦੀ ਤਤਕਾਲ ਰਿਹਾਈ ਦਾ ਹੁਕਮ ਦੇਵੇਗੀ।

(4) ਜੇ, ਉਪ-ਧਾਰਾ (1) ਵਿੱਚ ਹਵਾਲਾ ਦਿੱਤੀ ਜਾਂਚ ਕਰਨ ਤੇ, ਅਦਾਲਤ ਸੰਤੁਸ਼ਟ ਹੋ ਜਾਂਦੀ ਹੈ ਕਿ ਅਜਿਹਾ ਵਿਅਕਤੀ ਭਿਖਿਆ ਮੰਗਦਾ ਪਾਇਆ ਗਿਆ ਸੀ, ਤਾਂ ਇਹ ਸਿੱਟਾ ਕਲਮਬੰਦ ਕਰੇਗੀ ਕਿ ਉਹ ਵਿਅਕਤੀ ਭਿਖਾਰੀ ਹੈ।

(5) ਅਦਾਲਤ ਉਪ-ਧਾਰਾ (4) ਅਧੀਨ ਭਿਖਾਰੀ ਪਾਏ ਜਾਣ ਵਾਲੇ ਵਿਅਕਤੀ ਨੂੰ ਧਾਰਾ 7 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਕਾਰਜ ਘਰ, ਵਿਸ਼ੇਸ਼ ਘਰ ਜਾਂ ਪ੍ਰਮਾਣਤ ਘਰ ਵਿੱਚ ਇੱਕ ਸਾਲ ਤੋਂ ਨਾ ਘੱਟ ਅਤੇ ਤਿੰਨ ਸਾਲਾਂ ਤੋਂ ਨਾ ਵੱਧ ਦੀ ਮੁੱਦਤ ਲਈ ਨਜ਼ਰਬੰਦ ਰੱਖਣ ਦਾ ਹੁਕਮ ਦੇਵੇਗੀ:

ਪਰੰਤੂ ਜੇ ਅਦਾਲਤ ਮਾਮਲੇ ਦੇ ਹਾਲਾਤਾਂ ਤੋਂ ਸੰਤੁਸ਼ਟ ਹੋ ਜਾਵੇ ਕਿ ਅਜਿਹੇ ਵਿਅਕਤੀ ਦੁਆਰਾ ਮੁੜ ਭਿਖਿਆ ਮੰਗਣੀ ਸੰਭਾਵੀ ਨਹੀਂ ਹੈ, ਤਾਂ ਉਹ ਉਸ ਨੂੰ ਯੋਗ ਤੰਬੀਹ ਦੇਣ ਤੋਂ ਬਾਅਦ, ਭਿਖਾਰੀ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਜਿਸ ਨੂੰ ਅਦਾਲਤ ਢੁੱਕਵਾਂ ਵਿਚਾਰੇ, ਭੀਖ ਮੰਗਣ ਤੋਂ ਪ੍ਰਹੇਜ਼ ਕਰਨ ਲਈ, ਜ਼ਾਮਨੀਆਂ ਸਮੇਤ ਜਾਂ ਬਿਨ੍ਹਾਂ ਇੱਕ ਬੌਂਡ ਤਕਮੀਲ ਕਰਵਾ ਕੇ ਰਿਹਾਅ ਕਰ ਸਕਦੀ ਹੈ।

(6) ਇਸ ਧਾਰਾ ਦੇ ਅਧੀਨ ਹੁਕਮ ਪਾਸ ਕਰਦੇ ਸਮੇਂ, ਅਦਾਲਤ ਹੇਠ-ਲਿਖੇ ਵਿਚਾਰਾਂ ਨੂੰ ਧਿਆਨ ਵਿੱਚ ਰੱਖੇਗੀ, ਅਰਥਾਤ:-

(ੳ) ਭਿਖਾਰੀ ਦੀ ਉਮਰ ਅਤੇ ਚਾਲ-ਚੱਲਣ;

(ਅ) ਉਹ ਹਾਲਾਤ ਅਤੇ ਸੁਰਤਾਂ ਜਿਨ੍ਹਾਂ ਵਿੱਚ ਭਿਖਾਰੀ ਰਹਿ ਰਿਹਾ ਹੋਵੇ;

(ੲ) ਪਰਖ ਅਧਿਕਾਰੀ ਦੁਆਰਾ ਦਿੱਤੀ ਗਈ ਰਿਪੋਟ; ਅਤੇ

(ਸ) ਅਜਿਹੇ ਹੋਰ ਮਾਮਲੇ ਜੋ, ਅਦਾਲਤ ਦੀ ਰਾਏ ਵਿੱਚ, ਭਿਖਾਰੀ ਦੇ ਹਿੱਤ ਵਿੱਚ ਵਿਚਾਰੇ ਜਾਣ ਦੀ ਲੋੜ ਹੋਵੇ।

(7) ਪਰਖ ਅਧਿਕਾਰੀ ਦੀ ਰਿਪੋਟ ਜਾਂ ਅਦਾਲਤ ਦੁਆਰਾ ਵਿਚਾਰੀ ਗਈ ਕੋਈ ਹੋਰ ਰਿਪੋਟ ਗੁਪਤ ਮੰਨੀ ਜਾਵੇਗੀ:

ਪਰੰਤੂ ਜੇ ਅਜਿਹੀ ਰਿਪੋਟ ਭਿਖਾਰੀ ਦੇ ਚਾਲ-ਚਲਨ, ਸਿਹਤ ਜਾਂ ਆਚਰਣ ਜਾਂ ਹਾਲਾਤਾਂ ਅਤੇ ਸੁਰਤਾਂ ਨਾਲ ਸਬੰਧਤ ਹੈ ਜਿਨ੍ਹਾਂ ਵਿੱਚ ਉਹ ਰਹਿ ਰਿਹਾ ਹੈ, ਤਾਂ ਅਦਾਲਤ ਜੇ ਹਾਲਾਤ ਅਨੁਸਾਰ ਉਚਿਤ ਸਮਝੇ, ਇਸ ਦਾ ਸਾਰੰਸ ਭਿਖਾਰੀ ਨੂੰ ਜਾਂ, ਆਸ਼ਰਿਤਾਂ ਦੇ ਮਾਮਲੇ ਵਿੱਚ, ਸਬੰਧਤ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਸੰਸੂਚਿਤ ਕਰ ਸਕੇਗੀ ਅਤੇ ਭਿਖਾਰੀ ਜਾਂ ਮਾਤਾ ਪਿਤਾ ਜਾਂ ਸਰਪ੍ਰਸਤ ਨੂੰ, ਜਿਹੀ ਕਿ ਸੂਰਤ ਹੋਵੇ, ਸਬੂਤ ਪੇਸ਼ ਕਰਨ ਦਾ ਮੌਕਾ ਦੇ ਸਕੇਗੀ ਜੋ ਰਿਪੋਟ ਵਿੱਚ ਦੱਸੇ ਗਏ ਮਾਮਲਿਆਂ ਨਾਲ ਸੁਸੰਗਤ ਹੋਣ।

(8) ਉਪ-ਧਾਰਾ 5 ਅਧੀਨ ਕੀਤੇ ਗਏ ਹੁਕਮ ਦੀ ਇੱਕ ਨਕਲ ਅਦਾਲਤ ਦੁਆਰਾ ਮੁੱਖ ਇੰਸਪੈਕਟਰ ਨੂੰ ਤਤਕਾਲ ਭੇਜੀ ਜਾਵੇਗੀ।

(9) ਇਸ ਧਾਰਾ ਵਿੱਚ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਜਦੋਂ ਉਪ-ਧਾਰਾ (4) ਅਧੀਨ ਭਿਖਾਰੀ ਪਾਇਆ ਗਿਆ ਵਿਅਕਤੀ ਇੱਕ ਬੱਚਾ ਹੈ ਜੋ ਕਿਸੇ ਖੇਤਰ ਵਿੱਚ, ਜਿਸ ਵਿੱਚ ਪੂਰਬੀ ਪੰਜਾਬ ਬੱਚੇ ਐਕਟ, 1949 ਨਾਫ਼ਜ਼ ਹੈ, ਭਿਖਿਆ ਮੰਗਦਾ ਪਾਇਆ ਗਿਆ ਸੀ, ਤਾਂ ਅਦਾਲਤ ਉਪ-ਧਾਰਾ (5) ਅਧੀਨ ਹੁਕਮ ਦੇਣ ਦੀ ਬਜਾਏ ਬੱਚੇ ਨੂੰ ਕਾਰਵਾਈ ਸਮੇਤ ਉਸ ਐਕਟ ਦੀ ਧਾਰਾ 3 ਦੇ ਖੰਡ (i) ਵਿੱਚ ਪਰਿਭਾਸ਼ਤ ਬਾਲ ਅਦਾਲਤ ਨੂੰ ਭੇਜ ਦੇਵੇਗੀ ਅਤੇ ਬਾਲ ਅਦਾਲਤ ਅਜਿਹੀ ਹੋਰ ਜਾਂਚ ਕਰ ਸਕਦੀ ਹੈ ਜਿਵੇਂ ਉਹ ਉਚਿਤ ਸਮਝੇ, ਅਤੇ ਕਿਸੇ ਪ੍ਰਮਾਣਤ ਸਕੂਲ ਵਿੱਚ ਜਾਂ ਹੋਰ ਤਰ੍ਹਾਂ ਬੱਚੇ ਦੀ ਨਜ਼ਰਬੰਦੀ ਲਈ ਅਜਿਹੀ ਸਜ਼ਾ ਜਾਂ ਹੁਕਮ ਪਾਸ ਕਰ ਸਕਦੀ ਹੈ ਜੋ ਇਹ ਪਾਸ ਕਰ ਸਕਦੀ ਸੀ ਜੇ ਬੱਚਾ ਉਸ ਐਕਟ ਦੀ ਧਾਰਾ 8 ਦੀ ਉਪ-ਧਾਰਾ (1) ਦੇ ਖੰਡ (ੳ) ਵਿੱਚ ਵਰਣਤ ਵਿਅਕਤੀ ਹੁੰਦਾ ਅਤੇ ਮੂਲ ਰੂਪ ਵਿੱਚ ਉਸ ਧਾਰਾ ਦੇ ਅਧੀਨ ਇਸ ਦੁਆਰਾ ਵਿਚਾਰਿਆ ਗਿਆ ਹੁੰਦਾ। ਇਸ ਉਪ-ਧਾਰਾ ਦੇ ਪ੍ਰਯੋਜਨ ਲਈ, ਅਦਾਲਤ ਜੇ ਜ਼ਰੂਰੀ ਹੋਵੇ, ਤਾਂ ਮੈਡੀਕਲ ਅਧਿਕਾਰੀ ਦੁਆਰਾ ਭਿਖਾਰੀ ਦੀ ਜਾਂਚ ਕਾਰਤ ਕਰਵਾ ਸਕੇਗੀ।

ਭਿਖਾਰੀ ਵਜੋਂ ਨਜ਼ਰਬੰਦੀ ਤੋਂ ਬਾਅਦ ਭਿਖਿਆ ਮੰਗਣ ਲਈ ਡੰਨ।

5. (1) ਜੋ ਕੋਈ ਵੀ ਪਹਿਲਾਂ ਧਾਰਾ 4 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਕਿਸੇ ਪ੍ਰਮਾਣਿਤ ਸੰਸਥਾ ਵਿੱਚ ਨਜ਼ਰਬੰਦ ਕੀਤਾ ਗਿਆ ਹੋਵੇ, ਭੀਖ ਮੰਗਦਾ ਪਾਇਆ ਜਾਂਦਾ ਹੈ, ਦੋਸ਼-ਸਿੱਧ ਠਹਿਰਾਏ ਜਾਣ ਤੇ ਸਜ਼ਾਯੋਗ ਹੋਵੇਗਾ ਜਿਵੇਂ ਇਸ ਧਾਰਾ ਵਿੱਚ ਇਸ ਉਪਰੰਤ ਉਪਬੰਧਤ ਕੀਤਾ ਗਿਆ ਹੈ।

(2) ਜਦੋਂ ਕੋਈ ਵਿਅਕਤੀ ਉਪ-ਧਾਰਾ (1) ਅਧੀਨ ਪਹਿਲੀ ਵਾਰ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ, ਤਾਂ ਅਦਾਲਤ ਉਸ ਨੂੰ ਇੱਕ ਪ੍ਰਮਾਣਿਤ ਸੰਸਥਾ ਵਿੱਚ ਤਿੰਨ ਸਾਲਾਂ ਤੋਂ ਨ ਘੱਟ ਅਤੇ ਸੱਤ ਸਾਲਾਂ ਤੋਂ ਨ ਵੱਧ ਸਮੇਂ ਲਈ ਨਜ਼ਰਬੰਦ ਰੱਖਣ ਦਾ ਹੁਕਮ ਦੇਵੇਗੀ ਅਤੇ ਇੱਕ ਸਾਲ ਤੋਂ ਵੱਧ ਨਾ ਹੋਣ ਵਾਲੀ ਅਜਿਹੀ ਨਜ਼ਰਬੰਦੀ ਦੀ ਕਿਸੇ ਵੀ ਮੁੱਦਤ ਨੂੰ ਇੱਕੋ ਜਿਹੀ ਮੁੱਦਤ ਤੱਕ ਵਿਸਤਰਿਤ ਕੈਦ ਦੀ ਸਜ਼ਾ ਵਿੱਚ ਬਦਲ ਸਕੇਗੀ।

(3) ਜਦੋਂ ਕੋਈ ਵਿਅਕਤੀ ਉਪ-ਧਾਰਾ (1) ਅਧੀਨ ਦੂਜੀ ਜਾਂ ਉਤਰਵਰਤੀ ਸਮੇਂ ਸਿੱਧ-ਦੋਸ਼ ਪਾਇਆ ਜਾਂਦਾ ਹੈ, ਤਾਂ ਅਦਾਲਤ ਉਸ ਨੂੰ ਪ੍ਰਮਾਣਿਤ ਸੰਸਥਾ ਵਿੱਚ ਦਸ ਸਾਲਾਂ ਦੀ ਮੁੱਦਤ ਲਈ ਨਜ਼ਰਬੰਦ ਰੱਖਣ ਦਾ ਹੁਕਮ ਦੇਵੇਗੀ ਅਤੇ ਦੋ ਸਾਲਾਂ ਤੋਂ ਵੱਧ ਨਾ ਹੋਣ ਵਾਲੀ ਅਜਿਹੀ ਨਜ਼ਰਬੰਦੀ ਦੀ ਕਿਸੇ ਮੁੱਦਤ ਨੂੰ ਇੱਕੋ ਜਿਹੀ ਮੁੱਦਤ ਤੱਕ ਵਿਸਤਰਿਤ ਕੈਦ ਦੀ ਸਜ਼ਾ ਵਿੱਚ ਬਦਲ ਸਕੇਗੀ।

ਅਦਾਲਤ ਦੀ ਸਿੱਧ-ਦੋਸ਼ ਭਿਖਾਰੀ ਦੇ ਆਸ਼ਰਿਤਾਂ ਨੂੰ ਨਜ਼ਰਬੰਦ ਕਰਨ ਦੀ ਸ਼ਕਤੀ।

6. ਜਦੋਂ ਅਦਾਲਤ ਨੇ ਧਾਰਾ 4 ਜਾਂ ਧਾਰਾ 5 ਦੇ ਅਧੀਨ ਕਿਸੇ ਵਿਅਕਤੀ ਨੂੰ ਪ੍ਰਮਾਣਤ ਸੰਸਥਾ ਵਿੱਚ ਨਜ਼ਰਬੰਦ ਰੱਖਣ ਦਾ ਹੁਕਮ ਦਿੱਤਾ ਹੋਵੇ, ਤਾਂ ਉਹ ਅਜਿਹੀ ਜਾਂਚ ਕਰਨ ਤੋਂ ਬਾਅਦ ਜਿਵੇਂ ਉਹ ਉਚਿਤ ਸਮਝੇ, ਕਿਸੇ ਹੋਰ ਵਿਅਕਤੀ ਨੂੰ ਜੋ ਪੂਰੀ ਤਰ੍ਹਾਂ ਅਜਿਹੇ ਵਿਅਕਤੀ ਤੇ ਨਿਰਭਰ ਹੋਵੇ, ਇੱਕੋ ਜਿਹੀ ਮੁੱਦਤ ਲਈ ਪ੍ਰਮਾਣਿਤ ਸੰਸਥਾ ਵਿੱਚ ਨਜ਼ਰਬੰਦ ਰੱਖਣ ਦਾ ਹੁਕਮ ਦੇ ਸਕੇਗੀ:

ਪਰੰਤੂ ਅਜਿਹਾ ਹੁਕਮ ਦਿੱਤੇ ਜਾਣ ਤੋਂ ਪਹਿਲਾਂ ਅਜਿਹੇ ਆਸ਼ਰਿਤ ਵਿਅਕਤੀ ਜਾਂ ਉਸ ਦੇ ਮਾਤਾ-ਪਿਤਾ ਜਾਂ ਸਰਪ੍ਰਸਤ, ਜਿਹੀ ਕਿ ਸੂਰਤ ਹੋਵੇ, ਨੂੰ ਕਾਰਨ ਦੱਸਣ ਦਾ ਮੌਕਾ ਦਿੱਤੇ ਜਾਵੇਗਾ ਕਿ ਅਜਿਹਾ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ।

ਸਪੁਰਦਗੀ ਤੋਂ ਪਹਿਲਾਂ ਮੈਡੀਕਲ ਅਧਿਕਾਰੀ ਦੀ ਰਿਪੋਟ।

7. (1) ਅਦਾਲਤ ਜੋ ਕਿਸੇ ਵਿਅਕਤੀ ਨੂੰ ਧਾਰਾ 4 ਜਾਂ ਧਾਰਾ 5 ਅਧੀਨ ਭੀਖ ਮੰਗਣ ਦੇ ਅਪਰਾਧ ਦਾ ਦੋਸ਼ੀ ਪਾਉਂਦੀ ਹੈ, ਕਿਸੇ ਪ੍ਰਮਾਣਿਤ ਸੰਸਥਾ ਨੂੰ ਉਸਦੀ ਸਪੁਰਦਗੀ ਦੀ ਕੋਈ ਸਜ਼ਾ ਪਾਸ ਕਰਨ ਤੋਂ ਪਹਿਲਾਂ, ਅਜਿਹੇ ਵਿਅਕਤੀ ਨੂੰ ਸਥਾਨਕ ਸਿਵਲ ਹਸਪਤਾਲ ਦੇ ਮੈਡੀਕਲ ਅਧਿਕਾਰੀ ਇੰਚਾਰਜ ਜਾਂ ਸਥਾਨਕ ਕਾਰਜ ਘਰ ਨਾਲ ਜੁੜੇ ਮੈਡੀਕਲ ਅਧਿਕਾਰੀ, ਜੇ ਕੋਈ ਹੋਵੇ, ਕੋਲ ਭੇਜੇਗੀ ਅਤੇ ਉਸ ਦੀ ਉਮਰ, ਆਮ ਸਰੀਰਕ ਕਿਰਤ ਲਈ ਸਰੀਰਕ ਸਮਰੱਥਾ ਅਤੇ ਇਹ ਵੀ ਕਿ ਉਹ ਕਿਸੇ ਲਾਗ ਵਾਲੀ ਜਾਂ ਛੂਤ ਵਾਲੀ ਬਿਮਾਰੀ ਤੋਂ ਪੀੜਤ ਹੈ, ਬਾਰੇ ਰਿਪੋਟ ਮੰਗੇਗੀ।

(2) ਜੇ ਮੈਡੀਕਲ ਅਧਿਕਾਰੀ ਇਹ ਪ੍ਰਮਾਣਿਤ ਕਰਦਾ ਹੈ ਕਿ ਉਕਤ ਵਿਅਕਤੀ ਬੱਚਾ ਨਹੀਂ ਹੈ, ਸਰੀਰਕ ਤੌਰ ਤੇ ਆਮ ਹੱਥੀ ਕਾਰ ਕਰਨ ਦੇ ਸਮਰੱਥ ਹੈ

ਅਤੇ ਕਿਸੇ ਲਾਗ ਵਾਲੀ ਜਾਂ ਛੂਤ ਵਾਲੀ ਬਿਮਾਰੀ ਤੋਂ ਪੀੜਤ ਨਹੀਂ ਹੈ, ਤਾਂ ਅਦਾਲਤ ਅਜਿਹੇ ਵਿਅਕਤੀ ਨੂੰ ਕਾਰਰ-ਘਰ ਵਿੱਚ ਸਪੁਰਦ ਕਰਨ ਲਈ ਦੰਡ ਸੁਣਾਏਗੀ।

(3) ਜੇ ਮੈਡੀਕਲ ਅਫ਼ਸਰ ਰਿਪੋਟ ਕਰਦਾ ਹੈ ਕਿ ਉਕਤ ਵਿਅਕਤੀ ਇੱਕ ਬੱਚਾ ਹੈ ਜਾਂ ਸਰੀਰਕ ਤੌਰ ਤੇ ਆਮ ਸਰੀਰਕ ਕਿਰਤ ਕਰਨ ਦੇ ਅਯੋਗ ਹੈ ਪਰ ਕਿਸੇ ਲਾਗ ਜਾਂ ਛੂਤ ਵਾਲੀ ਬਿਮਾਰੀ ਤੋਂ ਪੀੜਤ ਨਹੀ ਹੈ, ਤਾਂ ਅਦਾਲਤ ਅਜਿਹੇ ਵਿਅਕਤੀ ਨੂੰ ਵਿਸ਼ੇਸ਼ ਘਰ ਵਿੱਚ ਸਪੁਰਦ ਕਰਨ ਲਈ ਦੰਡ ਸੁਣਾਏਗੀ:

ਪਰੰਤੂ ਇਸ ਉਪ-ਧਾਰਾ ਵਿਚਲੀ ਕੋਈ ਗੱਲ ਉਸ ਬੱਚੇ ਤੇ ਲਾਗੂ ਨਹੀਂ ਹੋਵੇਗੀ ਜਿਸ ਤੇ ਧਾਰਾ 4 ਦੀ ਉਪ-ਧਾਰਾ (9) ਲਾਗੂ ਹੁੰਦੀ ਹੈ।

(4) ਜੇ ਮੈਡੀਕਲ ਅਫ਼ਸਰ ਰਿਪੋਟ ਕਰਦਾ ਹੈ ਕਿ ਉਕਤ ਵਿਅਕਤੀ ਕਿਸੇ ਲਾਗ ਜਾਂ ਛੂਤ ਵਾਲੀ ਬਿਮਾਰੀ ਤੋਂ ਪੀੜਤ ਹੈ, ਤਾਂ ਅਦਾਲਤ ਅਜਿਹੇ ਵਿਅਕਤੀ ਨੂੰ ਪ੍ਰਮਾਣਤ ਘਰ ਵਿੱਚ ਸਪੁਰਦ ਕਰਨ ਲਈ ਦੰਡ ਦੇਵੇਗੀ, ਪਰ ਜੇ ਅਜਿਹੇ ਵਿਅਕਤੀਆਂ ਨੂੰ ਰੱਖਣ ਲਈ ਕੋਈ ਅਜਿਹਾ ਪ੍ਰਮਾਣਤ ਘਰ ਨਹੀਂ ਹੈ, ਤਾਂ ਅਦਾਲਤ ਹੋਰ ਜਾਂਚ ਨੂੰ ਰੋਕ ਸਕੇਗੀ ਅਤੇ ਉਸ ਨੂੰ ਰਿਹਾਅ ਕਰ ਸਕੇਗੀ।

ਪ੍ਰਮਾਣ ਸੰਸਥਾ ਤੋਂ ਭੱਜ ਨਿਕਲਣ ਦੀ ਸਜ਼ਾ।

8. ਜੋ ਕੋਈ ਉਸ ਮੁੱਦਤ ਦੇ ਗੁਜ਼ਰਣ ਤੋਂ ਪਹਿਲਾਂ ਜਿਸ ਲਈ ਉਹ ਸਪੁਰਦ ਕੀਤਾ ਗਿਆ ਹੈ, ਕਿਸੇ ਪ੍ਰਮਾਣਤ ਸੰਸਥਾ ਤੋਂ ਭੱਜ ਜਾਂਦਾ ਹੈ ਜਿਸ ਨੂੰ ਇਸ ਐਕਟ ਦੇ ਉਪਬੰਧਾਂ ਅਧੀਨ ਦੋਸ਼-ਸਿੱਧੀ ਹੋਣ 'ਤੇ ਸਪੁਰਦ ਕੀਤਾ ਗਿਆ ਹੈ, ਉਹ ਜੁਰਮਾਨੇ ਦੀ, ਜੋ ਇੱਕ ਸੌ ਰੁਪਏ ਤੱਕ ਹੋ ਸਕੇਗਾ ਜਾਂ ਕੈਦ ਦੀ ਜੋ ਤਿੰਨ ਮਹੀਨੇ ਤੱਕ ਹੋ ਸਕੇਗੀ, ਨਾਲ ਸਜ਼ਾਯੋਗ ਹੋਵੇਗਾ।

ਲੋਕਾਂ ਨੂੰ ਭਿਖਿਆ ਮੰਗਣ ਲਈ ਰੋਜ਼ਗਾਰ ਦੇਣ ਜਾਂ ਕਰਵਾਉਣ ਜਾਂ ਭਿਖਿਆ ਮੰਗਣ ਦੇ ਪ੍ਰਯੋਜਨ ਲਈ ਵਰਤਣ ਲਈ ਡੰਨ।

9. ਜੋ ਕੋਈ ਵੀ ਕਿਸੇ ਵਿਅਕਤੀ ਨੂੰ ਭਿਖਿਆ ਮੰਗਣ ਦੀ ਜਾਚਨਾ ਜਾਂ ਪ੍ਰਾਪਤ ਕਰਨ ਲਈ ਰੁਜ਼ਗਾਰ ਦਿੰਦਾ ਹੈ ਜਾਂ ਕਰਵਾਉਂਦਾ ਹੈ, ਜਾਂ ਜੋ ਕੋਈ ਬੱਚੇ ਦੀ ਸੰਭਾਲ, ਸਪੁਰਦਗੀ, ਦੇਖ-ਰੇਖ ਰੱਖਦੇ ਹੋਏ, ਅਣਡਿੱਠ ਕਰਦਾ ਹੈ ਜਾਂ ਇੱਕ ਬੱਚੇ ਨੂੰ ਭਿਖਿਆ ਮੰਗਣ ਦੀ ਜਾਚਨਾ ਜਾਂ ਪ੍ਰਾਪਤ ਕਰਨ ਲਈ ਰੁਜ਼ਗਾਰ ਦਿੰਦਾ ਹੈ ਜਾਂ ਉਤਸ਼ਾਹਤ ਕਰਦਾ ਹੈ ਜਾਂ ਕੋਈ ਵੀ ਕਿਸੇ ਹੋਰ ਵਿਅਕਤੀ ਨੂੰ ਭਿਖਿਆ ਮੰਗਣ ਦੇ ਪ੍ਰਯੋਜਨਾਂ ਲਈ ਪ੍ਰਦਰਸ਼ਿਤ ਕਰਨ ਵਜੋਂ ਵਰਤਦਾ ਹੈ, ਉਸ ਨੂੰ ਸਿੱਧ-ਦੋਸ਼ੀ ਠਹਿਰਾਏ ਜਾਣ ਤੇ ਅਉਧ ਲਈ ਜੋ ਤਿੰਨ ਸਾਲ ਤੱਕ ਹੋ ਸਕੇਗੀ ਪਰ ਇੱਕ ਸਾਲ ਤੋਂ ਘੱਟ ਨਹੀਂ ਹੋਵੇਗੀ, ਕੈਦ ਦੀ ਸਜ਼ਾ ਦਿੱਤੀ ਜਾਵੇਗੀ।

1898 ਦੇ ਐਕਟ 5 ਅਧੀਨ ਲਏ ਗਏ ਬਾਂਡ।

10. ਫ਼ੌਜਦਾਰੀ ਜ਼ਾਬਤਾ ਸੰਘਤਾ, 1898 ਦੇ ਅਧਿਆਏ XLII ਦੇ ਉਪਬੰਧ, ਜਿੱਥੋਂ ਤੱਕ ਹੋ ਸਕੇ, ਇਸ ਐਕਟ ਅਧੀਨ ਲਏ ਗਏ ਬਾਂਡ ਤੇ ਲਾਗੂ ਹੋਣਗੇ।

ਅਪੀਲ।

11. ਫ਼ੌਜਦਾਰੀ ਜ਼ਾਬਤਾ ਸੰਘਤਾ, 1898 ਦੇ ਅਧੀਨ ਅਪੀਲ ਅਤੇ ਸੁਧਾਈ ਦੇ ਪ੍ਰਯੋਜਨਾਂ ਲਈ, ਇਸ ਐਕਟ ਦੇ ਅਧੀਨ ਨਜ਼ਰਬੰਦੀ ਦੇ ਹੁਕਮ ਨੂੰ ਉਸੇ ਮੁੱਦਤ ਲਈ ਕੈਦ ਦਾ ਦੰਡ ਸਮਝਿਆ ਜਾਵੇਗਾ।

ਪ੍ਰਮਾਣਤ ਸੰਸਥਾਵਾਂ ਤੋਂ ਰਿਹਾਈ ਦੇਣ ਦੀ ਰਾਜ ਸਰਕਾਰ ਦੀ ਸ਼ਕਤੀ।

12. ਜੇ ਰਾਜ ਸਰਕਾਰ ਕਿਸੇ ਸਮੇਂ ਆਪਣੇ ਆਪ ਦੀ ਪਹਿਲ ਤੇ ਜਾਂ ਇਸ ਨੂੰ ਦਿੱਤੀ ਗਈ ਦਰਖ਼ਾਸਤ 'ਤੇ, ਸੰਤੁਸ਼ਟ ਹੋ ਜਾਂਦੀ ਹੈ ਕਿ ਧਾਰਾ 4 ਜਾਂ ਧਾਰਾ 5 ਅਧੀਨ ਸਿੱਧ-ਦੋਸ਼ ਠਹਿਰਾਇਆ ਗਿਆ ਅਤੇ ਇੱਕ ਪ੍ਰਮਾਣਤ ਸੰਸਥਾ ਦੇ ਸਪੁਰਦ ਕੀਤਾ ਗਿਆ ਵਿਅਕਤੀ ਕਿਸੇ ਬਿਮਾਰੀ ਤੋਂ ਠੀਕ ਹੋ ਗਿਆ ਹੋਵੇ ਜਾਂ ਆਪਣੀ ਰੋਜ਼ੀ ਕਮਾਉਣ ਲਈ ਸਿਹਤਮੰਦ ਹਾਲਤ ਵਿੱਚ ਹੈ ਜਾਂ ਅਜਿਹੀ ਮੁੱਦਤ ਗੁਜ਼ਰਣ ਤੋਂ ਪਹਿਲਾਂ ਜਿਸ ਲਈ ਉਸ ਨੂੰ ਸਪੁਰਦ ਕੀਤਾ ਗਿਆ ਹੈ, ਹੋਰ ਤਰ੍ਹਾਂ ਮੁਕਤ ਕੀਤੇ ਜਾਣ ਦੇ ਯੋਗ ਹੈ, ਤਾਂ ਰਾਜ ਸਰਕਾਰ, ਹੁਕਮ ਦੁਆਰਾ, ਇਹ ਨਿਰਦੇਸ਼ ਦੇ ਸਕੇਗੀ ਕਿ ਇਸ ਤਰ੍ਹਾਂ ਨਜ਼ਰਬੰਦ ਵਿਅਕਤੀ ਨੂੰ ਅਜਿਹੀਆਂ ਪਾਬੰਦੀਆਂ ਅਤੇ ਸ਼ਰਤਾਂ, ਜੇ ਕੋਈ ਹੋਣ, ਦੇ ਤਾਬੇ ਰਿਹਾਅ ਕੀਤਾ ਜਾਵੇ, ਜੋ ਹੁਕਮ ਵਿੱਚ ਉਲਿਖਤ ਕੀਤੀਆਂ ਜਾਣ।

ਪ੍ਰਮਾਣਤ ਸੰਸਥਾਵਾਂ ਦੇ ਉਪਬੰਧ।

13. (1) ਰਾਜ ਸਰਕਾਰ ਇੱਕ ਜਾਂ ਇੱਕ ਤੋਂ ਵੱਧ ਪ੍ਰਮਾਣਤ ਸੰਸਥਾਵਾਂ ਨੂੰ ਅਜਿਹੇ ਸਥਾਨ ਜਾਂ ਸਥਾਨਾਂ 'ਤੇ ਉਪਬੰਧ ਅਤੇ ਰੱਖ-ਰਖਾਅ ਕਰ ਸਕਦੀ ਹੈ ਜਿਵੇਂ ਉਹ ਉਚਿਤ ਸਮਝੇ, ਅਤੇ ਇਸ ਐਕਟ ਦੇ ਪ੍ਰਯੋਜਨਾਂ ਲਈ ਕਿਸੇ ਵੀ ਸੰਸਥਾ ਨੂੰ ਪ੍ਰਮਾਣਿਤ ਸੰਸਥਾ ਵਜੋਂ ਪ੍ਰਮਾਣਤ ਕਰ ਸਕਦੀ ਹੈ। ਅਜਿਹੀ ਕਿਸੇ ਵੀ ਪ੍ਰਮਾਣਤ ਸੰਸਥਾ ਵਿੱਚ ਖੇਤੀਬਾੜੀ, ਉਦਯੋਗਿਕ ਅਤੇ ਹੋਰ ਕੰਮਾਂ ਦੇ ਅਧਿਆਪਨ ਅਤੇ ਕੈਦੀਆਂ ਦੀ ਆਮ ਸਿੱਖਿਆ ਅਤੇ ਡਾਕਟਰੀ ਦੇਖਭਾਲ ਲਈ ਉਪਬੰਧ ਸ਼ਾਮਲ ਹੋ ਸਕਦੇ ਹਨ।

(2) ਹਰੇਕ ਪ੍ਰਮਾਣਤ ਸੰਸਥਾ ਇੱਕ ਸੁਪਰਡੰਟ ਦੇ ਚਾਰਜ ਅਧੀਨ ਹੋਵੇਗੀ।

ਮੁੱਖ ਇੰਸਪੈਕਟਰ ਅਤੇ ਹੋਰ ਅਥਾਰਟੀਆਂ ਦੀ ਨਿਯੁਕਤੀ।

14. ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ, ਰਾਜ ਸਰਕਾਰ ਪ੍ਰਮਾਣਤ ਸੰਸਥਾਵਾਂ ਦਾ ਇੱਕ ਮੁੱਖ ਇੰਸਪੈਕਟਰ, ਪ੍ਰਮਾਣਤ ਸੰਸਥਾਵਾਂ ਦਾ ਵਧੀਕ ਮੁੱਖ ਇੰਸਪੈਕਟਰ, ਇੱਕ ਇੰਸਪੈਕਟਰ ਅਤੇ ਅਜਿਹੀ ਗਿਣਤੀ ਦੇ ਸਹਾਇਕ ਇੰਸਪੈਕਟਰਾਂ ਅਤੇ ਪਰਖ ਅਫ਼ਸਰ ਨਿਯੁਕਤ ਕਰ ਸਕਦੀ ਹੈ ਜਿਵੇਂ ਕਿ ਉਹ ਮੁੱਖ ਇੰਸਪੈਕਟਰ ਦੀ ਸਹਾਇਤਾ ਲਈ ਉਚਿਤ ਸਮਝਦੀ ਹੋਵੇ; ਅਤੇ ਮੁੱਖ ਇੰਸਪੈਕਟਰ ਦੀ ਸਹਾਇਤਾ ਲਈ ਇਸ ਤਰ੍ਹਾਂ ਨਿਯੁਕਤ ਕੀਤਾ ਗਿਆ ਹਰੇਕ ਵਿਅਕਤੀ ਮੁੱਖ ਇੰਸਪੈਕਟਰ ਦੀਆਂ ਅਜਿਹੀਆਂ ਸ਼ਕਤੀਆਂ ਰੱਖੇਗਾ ਅਤੇ ਅਜਿਹੇ ਕਰਤੱਵ ਨਿਭਾਏਗਾ, ਜਿਵੇਂ ਰਾਜ ਸਰਕਾਰ ਨਿਰਦੇਸ਼ ਦੇਵੇ ਪਰ ਮੁੱਖ ਇੰਸਪੈਕਟਰ ਦੇ ਨਿਰਦੇਸ਼ ਅਧੀਨ ਕੰਮ ਕਰੇਗਾ।

(2) ਹਰੇਕ ਪ੍ਰਮਾਣਤ ਸੰਸਥਾ ਦਾ ਹਰੇਕ ਛੇ ਮਹੀਨੇ ਵਿੱਚ ਘੱਟੋ ਘੱਟ ਇੱਕ ਵਾਰ ਮੁੱਖ ਇੰਸਪੈਕਟਰ ਦੁਆਰਾ ਨਿਰੀਖਣ ਕੀਤਾ ਜਾਵੇਗਾ।

ਵਿਜਿਟਿੰਗ ਕਮੇਟੀ।

15. ਹਰੇਕ ਪ੍ਰਮਾਣਤ ਸੰਸਥਾ ਲਈ, ਰਾਜ ਸਰਕਾਰ ਇੱਕ ਵਿਜ਼ਿਟਿੰਗ ਕਮੇਟੀ ਨੂੰ ਅਜਿਹੇ ਤਰੀਕੇ ਨਾਲ ਨਿਯੁਕਤ ਕਰੇਗੀ ਜਿਵੇਂ ਮੁਕੱਰਰ ਕੀਤਾ ਜਾਵੇ ਅਤੇ ਕਮੇਟੀ ਨੂੰ ਅਜਿਹੀਆਂ ਸ਼ਕਤੀਆਂ, ਕਰਤੱਵ ਅਤੇ ਕਾਰਜ ਸੌਂਪੇਗੀ ਜਿਵੇਂ ਮੁਕੱਰਰ ਕੀਤਾ ਜਾਵੇ।

ਸਲਾਹਕਾਰ ਕਮੇਟੀ।

16. (1) ਰਾਜ ਸਰਕਾਰ ਰਾਜ ਦੇ ਪੂਰੇ ਜਾਂ ਕਿਸੇ ਵੀ ਹਿੱਸੇ ਲਈ ਇੱਕੀ ਤੋਂ ਨਾ ਵੱਧ ਦੀ ਅਜਿਹੀ ਗਿਣਤੀ ਦੇ ਅਜਿਹੇ ਵਿਅਕਤੀਆਂ ਤੋ ਮਿਲ ਕੇ ਬਣੀ ਇੱਕ ਸਲਾਹਕਾਰ ਕਮੇਟੀ ਦਾ ਗਠਨ ਕਰ ਸਕੇਗੀ, ਜਿਵੇਂ ਇਹ ਨਿਯਤ ਕਰੇ:

ਪਰੰਤੂ ਜਿੱਥੇ ਇੱਕ ਸਥਾਨਕ ਅਥਾਰਟੀ ਪ੍ਰਮਾਣਤ ਸੰਸਥਾਵਾਂ ਦੀ ਸੰਭਾਲ ਲਈ ਅਜਿਹੀ ਵਿੱਤੀ ਸਹਾਇਤਾ ਦੇਣ ਲਈ ਸਹਿਮਤ ਹੋ ਗਈ ਹੈ ਜਿਵੇਂ ਰਾਜ ਸਰਕਾਰ ਹਰੇਕ ਮਾਮਲੇ ਵਿੱਚ ਉਚਿਤ ਵਿਚਾਰੇ, ਜਿੱਥੇ ਸਥਾਨਕ ਅਥਾਰਟੀ ਦੀ ਅਧਿਕਾਰਤਾ ਦੇ ਤਾਬੇ ਖੇਤਰ ਦੇ ਭਿਖਾਰੀਆਂ ਨੂੰ ਨਜ਼ਰਬੰਦ ਕੀਤਾ ਜਾਂਦਾ ਹੈ, ਰਾਜ ਸਰਕਾਰ ਸਥਾਨਕ ਅਥਾਰਟੀ ਦੀ ਪ੍ਰਤੀਨਿਧਤਾ ਕਰਨ ਵਾਲੇ ਅਜਿਹੇ ਖੇਤਰ ਲਈ ਸਲਾਹਕਾਰ ਕਮੇਟੀ ਵਿੱਚ ਅਜਿਹੀ ਗਿਣਤੀ ਦੇ ਵਿਅਕਤੀ, ਜਿਵੇਂ ਉਹ ਉਚਿਤ ਸਮਝੇ, ਨਿਯੁਕਤ ਕਰੇਗੀ।

(2) ਕਿਸੇ ਖੇਤਰ ਵਿੱਚ ਉਪ-ਧਾਰਾ (1) ਅਧੀਨ ਗਠਤ ਸਲਾਹਕਾਰ ਕਮੇਟੀ ਜਾਂ ਇਸ ਦਾ ਕੋਈ ਮੈਂਬਰ, ਸਾਰੇ ਵਾਜਬ ਸਮਿਆਂ ਤੇ, ਉਸ ਸੰਸਥਾ ਦੇ ਸੁਪਰਡੰਟ ਨੂੰ ਠੀਕ ਨੋਟਿਸ ਦੇਣ ਤੋਂ ਬਾਅਦ ਕਿਸੇ ਵੀ ਪ੍ਰਮਾਣਤ ਸੰਸਥਾ ਦਾ ਮੁਆਇਨਾ ਕਰਨ ਜਾ ਸਕਦਾ ਹੈ ਜਿਸ ਵਿੱਚ ਉਸ ਖੇਤਰ ਦੇ ਭਿਖਾਰੀ ਨਜ਼ਰਬੰਦ ਹਨ।

(3) ਸਲਾਹਕਾਰ ਕਮੇਟੀ -

(ੳ) ਮੁੱਖ ਇੰਸਪੈਕਟਰ ਜਾਂ ਅਜਿਹੇ ਹੋਰ ਅਧਿਕਾਰੀ ਰਾਹੀਂ ਜਿਵੇਂ ਰਾਜ ਸਰਕਾਰ ਉਲਿਖਤ ਕਰੇ ਕਿਸੇ ਪ੍ਰਮਾਣਤ ਸੰਸਥਾ ਨੂੰ ਪ੍ਰਬੰਧਨ ਦੇ ਬਾਬਤ ਸਲਾਹ ਵੀ ਦੇ ਸਕੇਗੀ;

(ਅ) ਕਿਸੇ ਸਥਾਨਕ ਖੇਤਰ ਦੇ ਅੰਦਰ ਜਾਂ ਇੱਕ ਉਸ ਖੇਤਰ ਵਿੱਚ ਜਿੱਥੇ ਭਿਖਾਰੀਆਂ ਨੂੰ ਨਜ਼ਰਬੰਦ ਕੀਤਾ ਗਿਆ ਹੈ, ਕਿਸੇ ਵੀ ਜਾਂ ਸਾਰੀਆਂ ਪ੍ਰਮਾਣਤ ਸੰਸਥਾਵਾਂ ਦੇ ਆਵਰਤੀ ਦੇ ਨਾਲ-ਨਾਲ ਗੈਰ-ਆਵਰਤੀ ਖ਼ਰਚਿਆਂ ਲਈ ਚੰਦਾ ਇਕੱਠਾ ਅਤੇ ਮੁਕੱਰਰ ਤਰੀਕੇ ਨਾਲ ਉਗਰਾਹੀਆਂ ਵੰਡ ਵੀ ਸਕੇਗੀ;

(ੲ) ਰਾਜ ਸਰਕਾਰ ਨੂੰ, ਮੁੱਖ ਇੰਸਪੈਕਟਰ ਰਾਹੀਂ ਖੇਤਰ ਦੇ ਅੰਦਰ ਕਿਸੇ ਵੀ ਸੰਸਥਾ ਨੂੰ ਪ੍ਰਮਾਣਤ ਸੰਸਥਾ ਵਜੋਂ ਪ੍ਰਮਾਣਨ ਕਰਨ ਜਾਂ ਕਿਸੇ ਪ੍ਰਮਾਣਤ ਸੰਸਥਾ ਦਾ ਪ੍ਰਮਾਣਨ ਰੱਦ ਕਰਨ ਦੇ ਬਾਬਤ ਸਲਾਹ ਵੀ ਦੇ ਸਕੇਗੀ;

(ਸ) ਰਾਜ ਸਰਕਾਰ ਨੂੰ ਆਮ ਤੌਰ ਤੇ ਉਸ ਖੇਤਰ ਵਿੱਚ ਇਸ ਐਕਟ ਦੇ ਕੰਮਕਾਜ ਬਾਰੇ ਅਤੇ ਖ਼ਾਸ ਕਰਕੇ ਮੁੱਖ ਇੰਸਪੈਕਟਰ ਜਾਂ ਰਾਜ ਸਰਕਾਰ ਦੁਆਰਾ ਉਲਿਖਤ ਕਿਸੇ ਹੋਰ ਅਧਿਕਾਰੀ ਦੁਆਰਾ ਹਵਾਲਾ ਦਿੱਤੇ ਕਿਸੇ ਵੀ ਨੁਕਤੇ ਤੇ ਸਲਾਹ ਵੀ ਦੇ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

17. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ ਅਤੇ ਪੂਰਵ ਪ੍ਰਕਾਸ਼ਨ ਦੀ ਸ਼ਰਤ ਦੇ ਤਾਬੇ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਅਜਿਹੇ ਨਿਯਮ ਹੇਠ-ਲਿਖੇ ਉਪਬੰਧ ਕਰ ਸਕਣਗੇ-

(ੳ) ਧਾਰਾ 2 ਦੇ ਖੰਡ (1) ਅਧੀਨ ਇੱਕ ਪ੍ਰਯੋਜਨ ਨੂੰ ਅਧਿਕਾਰਤ ਕਰਨ ਦਾ ਤਰੀਕਾ;

(ਅ) ਧਾਰਾ 3 ਦੀ ਉਪ-ਧਾਰਾ (1) ਦੇ ਅਧੀਨ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੂੰ ਰੱਖਣ ਦਾ ਤਰੀਕਾ;

(ੲ) ਧਾਰਾ 4 ਦੀ ਉਪ-ਧਾਰਾ (1) ਦੇ ਅਧੀਨ ਸਰਸਰੀ ਜਾਂਚ ਕਰਨ ਦਾ ਤਰੀਕਾ;

(ਸ) ਉਹ ਤਰੀਕਾ ਜਿਸ ਵਿੱਚ ਅਤੇ ਉਹ ਸਥਾਨ ਜਿੱਥੇ ਧਾਰਾ 5 ਦੇ ਅਧੀਨ ਦੰਡ ਪ੍ਰਾਪਤ ਵਿਅਕਤੀ ਆਪਣੀ ਕੈਦ ਦੀ ਮੁੱਦਤ ਤਾਮੀਲ ਕਰਨਗੇ;

(ਹ) ਪ੍ਰਮਾਣਤ ਸੰਸਥਾਵਾਂ ਦਾ ਪ੍ਰਬੰਧਨ, ਉਨ੍ਹਾਂ ਨੂੰ ਸਪੁਰਦ ਕੀਤੇ ਵਿਅਕਤੀਆਂ ਦੀ ਨਜ਼ਰਬੰਦੀ ਅਤੇ ਅਜਿਹੇ ਵਿਅਕਤੀਆਂ ਦੀ ਸਾਂਭ-ਸੰਭਾਲ, ਦੇਖਭਾਲ, ਇਲਾਜ ਅਤੇ ਸਿੱਖਿਆ, ਜਿਸ ਵਿੱਚ ਉਨ੍ਹਾਂ ਦੀ ਖੁਰਾਕ ਅਤੇ ਰਿਹਾਇਸ਼ ਦੇ ਨਾਲ-ਨਾਲ ਉਨ੍ਹਾਂ ਦੀ ਮਜ਼ਦੂਰੀ ਅਤੇ ਆਮ ਸੰਚਾਲਨ ਨਾਲ ਸਬੰਧਤ ਸਾਰੇ ਮਾਮਲੇ ਸ਼ਾਮਲ ਹਨ;

(ਕ) ਧਾਰਾ 14 ਅਧੀਨ ਨਿਯੁਕਤ ਕੀਤੇ ਅਧਿਕਾਰੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ;

(ਖ) ਇਸ ਐਕਟ ਅਧੀਨ ਨਿਯੋਜਤ ਕੀਤੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਗਿਣਤੀ ਅਤੇ ਉਨ੍ਹਾਂ ਦੀਆਂ ਤਨਖਾਹਾਂ ਅਤੇ ਭੱਤੇ, ਅਤੇ ਸੇਵਾ ਦੀਆਂ ਹੋਰ ਸ਼ਰਤਾਂ ਅਤੇ ਅਜਿਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਨਿਯੁਕਤ ਕਰਨ ਅਤੇ ਉਨ੍ਹਾਂ ਤੇ ਡੰਨ ਲਗਾਉਣ ਲਈ ਸ਼ਕਤਵਾਨ ਅਥਾਰਟੀ ਦਾ ਨਿਰਧਾਰਨ;

(ਗ) ਪ੍ਰਮਾਣਤ ਸੰਸਥਾਵਾਂ ਤੋਂ ਵਿਅਕਤੀਆਂ ਦੀ ਮੁਕਤੀ;

(ਘ) ਪ੍ਰਮਾਣਤ ਸੰਸਥਾਵਾਂ ਵਿੱਚ ਨਜ਼ਰਬੰਦ ਵਿਅਕਤੀਆਂ ਤੇ ਕਿਸੇ ਵੀ ਨਿਯਮਾਂ ਨੂੰ ਭੰਗ ਕਰਨ ਜਾਂ ਅਜਿਹੀਆਂ ਸੰਸਥਾਵਾਂ ਤੋ ਬਾਹਰ ਕਿਸੇ ਰੁਜ਼ਗਾਰ, ਜੋ ਉਨ੍ਹਾਂ ਲਈ ਸੁਨਿਸ਼ਚਿਤ ਹੋਵੇ, ਨੂੰ ਸਵੀਕਾਰ ਕਰਨ ਵਿੱਚ ਅਸਫ਼ਲਤਾ ਜਾਂ ਅਣਗਹਿਲੀ ਲਈ ਅਰੋਪੀ ਜਾਣ ਵਾਲੀ ਸਜ਼ਾ ਦੀ ਪ੍ਰਕਿਰਤੀ, ਅਨੁਸੰਗਤੀ, ਅਤੇ ਵੱਧ ਤੋਂ ਵੱਧ ਮੁੱਦਤਾਂ;

(ਙ) ਧਾਰਾ 15 ਅਧੀਨ ਵਿਜਟਿੰਗ ਕਮੇਟੀ ਨਿਯੁਕਤ ਕਰਨ ਦਾ ਤਰੀਕਾ ਅਤੇ ਉਸ ਦੀਆਂ ਸ਼ਕਤੀਆਂ, ਕਰਤੱਵ ਅਤੇ ਕਾਜਕਾਰ;

(ਚ) ਵਿਜਟਿੰਗ ਅਤੇ ਸਲਾਹਕਾਰ ਕਮੇਟੀਆਂ ਦੁਆਰਾ ਕਾਰੋਬਾਰ ਦਾ ਸੰਚਾਲਨ ਅਤੇ ਉਨ੍ਹਾਂ ਦਾ ਗਠਨ; ਅਤੇ

(ਛ) ਕੋਈ ਹੋਰ ਤਰੀਕਾ ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ ਉਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਹੀ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਪ੍ਰਭਾਵੀ ਨਹੀਂ ਹੋਵੇਗਾ, ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਨਿਰਸਨ ਅਤੇ ਬਚਾਓ।

18. (1) ਪੰਜਾਬ ਭਿਖਿਆ ਰੋਕਥਾਮ ਆਰਡੀਨੈਂਸ, 1970 (1970 ਦਾ ਪੰਜਾਬ ਆਰਡੀਨੈਂਸ ਨੰ: 8), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਕਤ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ, ਇਸ ਐਕਟ ਦੇ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ ਜਿਵੇਂ ਇਹ ਐਕਟ 21 ਸਤੰਬਰ, 1970 ਨੂੰ ਅਰੰਭ ਹੋਇਆ ਸੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਪੰਜਾਬ ਸਰਕਾਰ, ਕਾਨੂੰਨੀ ਅਤੇ ਵਿਧਾਨਿਕ
ਕਾਰ-ਵਿਹਾਰ ਵਿਭਾਗ, ਪੰਜਾਬ।

*3569/11-2025/Pb. Govt. Press, S.A.S. Nagar*

ਭਾਗ-I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 28 ਨਵੰਬਰ, 2025

ਨੰ: 58/ਭ.ਕ./2025.- ਪੰਜਾਬ ਵਿਸ਼ੇਸ਼ ਅਧਿਆਪਕ ਭਰਤੀ ਐਕਟ, 1997 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 28th November, 2025

**No. 58/L.C./2025.**- The Translation in Punjabi of the Punjab Special Recruitment of Teachers Act, 1997 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਵਿਸ਼ੇਸ਼ ਅਧਿਆਪਕ ਭਰਤੀ ਐਕਟ, 1997

(1998 ਦਾ ਪੰਜਾਬ ਐਕਟ ਨੰ: 8)

ਉਨ੍ਹਾਂ ਅਧਿਆਪਕਾਂ ਨੂੰ ਰਾਹਤ ਪ੍ਰਦਾਨ ਕਰਨ ਅਤੇ ਔਕੜਾਂ ਨੂੰ ਦੂਰ ਕਰਨ ਲਈ, ਜੋ ਪਹਿਲਾਂ ਬਾਕਾਇਦਾ ਆਧਾਰ 'ਤੇ ਅਤੇ ਬਾਅਦ ਵਿੱਚ ਉਨਾਨਵੇਂ ਦਿਨਾਂ ਦੇ ਆਧਾਰ 'ਤੇ ਨਿਯੁਕਤ ਕੀਤੇ ਗਏ ਸਨ ਅਤੇ ਉਨ੍ਹਾਂ ਨੂੰ ਇੱਕ ਸ਼੍ਰੇਣੀ ਤੋਂ ਵੱਖਰਾ ਮੰਨ ਕੇ ਉਨ੍ਹਾਂ ਦੀਆਂ ਸੇਵਾਵਾਂ ਇਸ ਆਧਾਰ 'ਤੇ ਸਮਾਪਤ ਕਰ ਦਿੱਤੀਆਂ ਗਈਆਂ ਸਨ ਕਿ ਭਰਤੀ ਕੀਤੇ ਗਏ ਅਧਿਆਪਕਾਂ ਦੀ ਗਿਣਤੀ ਵਿਗਿਆਪਤ ਕੀਤੀਆਂ ਆਸਾਮੀਆਂ ਦੀ ਗਿਣਤੀ ਤੋਂ ਵੱਧ ਸੀ, ਅਤੇ ਉਨ੍ਹਾਂ ਨੂੰ ਇੱਕ ਵਿਸ਼ੇਸ਼ ਸ਼੍ਰੇਣੀ ਵਜੋਂ ਇੱਕ ਵਾਰ ਨਿਯੁਕਤੀ ਦੀ ਪੇਸ਼ਕਸ਼ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਅਠਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਪੰਜਾਬ ਵਿਸ਼ੇਸ਼ ਅਧਿਆਪਕ ਭਰਤੀ ਐਕਟ, 1997 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਐਕਟ ਦੇ ਉਪਬੰਧਾਂ ਦਾ ਲਾਗੂ ਹੋਣਾ।

2. ਇਸ ਐਕਟ ਦੇ ਉਪਬੰਧ ਉਨ੍ਹਾਂ ਅਧਿਆਪਕਾਂ 'ਤੇ ਲਾਗੂ ਹੋਣਗੇ, ਜਿਹੜੇ ਪਹਿਲਾਂ ਬਾਕਾਇਦਾ ਆਧਾਰ 'ਤੇ ਅਤੇ ਬਾਅਦ ਵਿੱਚ ਸਾਲ 1994 ਵਿੱਚ ਉਨਾਨਵੇਂ ਦਿਨਾਂ ਦੇ ਆਧਾਰ 'ਤੇ ਨਿਯੁਕਤ ਕੀਤੇ ਗਏ ਸਨ ਅਤੇ ਜਿਨ੍ਹਾਂ ਦੀਆਂ ਸੇਵਾਵਾਂ 13 ਨਵੰਬਰ, 1997 ਨੂੰ ਖਤਮ ਕਰ ਦਿੱਤੀਆਂ ਗਈਆਂ ਸਨ।

ਕਾਬਲੀਅਤਾਂ।

3. ਇਸ ਐਕਟ ਦੀ ਧਾਰਾ 2 ਵਿੱਚ ਹਵਾਲਾ ਦਿੱਤੇ ਗਏ ਸਾਰੇ ਅਧਿਆਪਕਾਂ ਨੂੰ ਅਧਿਆਪਕਾਂ ਦੀਆਂ ਖਾਲੀ ਆਸਾਮੀਆਂ 'ਤੇ ਬਾਕਾਇਦਾ ਆਧਾਰ 'ਤੇ ਨਿਯੁਕਤ ਕੀਤਾ ਜਾਵੇਗਾ, ਪਰੰਤੂ ਉਹ ਉਸ ਆਸਾਮੀ ਅਤੇ ਸ੍ਰੇਣੀ ਦੇ ਅਧਿਆਪਕਾਂ ਲਈ ਮੁਕੱਰਰ ਯੋਗਤਾਵਾਂ ਨੂੰ ਪੂਰਾ ਕਰਦੇ ਹੋਣ ਜਿਸ ਤੇ ਉਨ੍ਹਾਂ ਨੂੰ ਨਿਯੁਕਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਨਿਯੁਕਤੀ ਉਸ ਤਰੀਕ ਤੋਂ ਪ੍ਰਭਾਵੀ ਹੋਵੇਗੀ ਜਿਸ ਨੂੰ ਉਹ ਆਸਾਮੀ ਤੇ ਹਾਜ਼ਰ ਹੁੰਦੇ ਹਨ:

ਪਰੰਤੂ ਇਹ ਹੋਰ ਕਿ ਅਜਿਹੀ ਨਿਯੁਕਤੀ ਕਰਦੇ ਸਮੇਂ, ਉਨ੍ਹਾਂ ਨੂੰ ਉਮਰ ਵਿੱਚ ਉਨ੍ਹਾਂ ਦੁਆਰਾ ਨਿਯਮਤ ਤੌਰ ਤੇ ਜਾਂ ਉਨ੍ਹਾਂ ਦੀਆਂ ਸੇਵਾਵਾਂ ਖਤਮ ਹੋਣ ਤੋਂ ਪਹਿਲਾਂ ਉਨਾਨਵੇਂ ਦਿਨਾਂ ਦੇ ਆਧਾਰ ਤੇ ਕੀਤੀ ਗਈ ਸੇਵਾ ਦੇ ਬਰਾਬਰ ਛੋਟ ਦਿੱਤੀ ਜਾਵੇਗੀ।

ਬਚਾਓ।

4. ਕਾਨੂੰਨ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਉਪਬੰਧ ਦੇ ਹੁੰਦਿਆਂ ਹੋਇਆਂ ਵੀ, ਇਨ੍ਹਾਂ ਨਿਯੁਕਤੀਆਂ 'ਤੇ ਕੇਵਲ ਇਸ ਆਧਾਰ 'ਤੇ ਸਵਾਲ ਨਹੀਂ ਉਠਾਏ ਜਾਣਗੇ ਕਿ ਨਿਯੁਕਤੀਆਂ ਇਸ਼ਤਿਹਾਰ ਤੋਂ ਬਿਨ੍ਹਾਂ ਕੀਤੀਆਂ ਗਈਆਂ ਹਨ।

ਪਹਿਲੀ ਸੇਵਾ।

5. ਇਸ ਐਕਟ ਦੇ ਉਪਬੰਧਾਂ ਅਧੀਨ ਨਿਯੁਕਤ ਕੀਤੇ ਗਏ ਵਿਅਕਤੀ ਆਪਣੀ ਪਹਿਲੀ ਕੀਤੀ ਗਈ ਸੇਵਾ ਦੇ ਆਧਾਰ 'ਤੇ ਨਿਯਮਤ ਆਧਾਰ 'ਤੇ ਜਾਂ ਉਨਾਨਵੇਂ ਦਿਨਾਂ ਦੇ ਆਧਾਰ 'ਤੇ, ਸੀਨੀਆਰਤਾ ਅਤੇ ਹੋਰ ਸੇਵਾ ਫ਼ਾਇਦਿਆਂ ਦੇ ਹੱਕਦਾਰ ਨਹੀਂ ਹੋਣਗੇ।

ਨਿਰਸਨ ਅਤੇ ਬਚਾਉ।

6. (1) ਪੰਜਾਬ ਵਿਸ਼ੇਸ਼ ਅਧਿਆਪਕ ਭਰਤੀ ਆਰਡੀਨੈਂਸ, 1997 (1997 ਦਾ ਪੰਜਾਬ ਆਰਡੀਨੈਂਸ ਨੰ: 5), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ ਕਾਰਵਾਈ ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3569/11-2025/Pb. Govt. Press, S.A.S. Nagar*

ਭਾਗ-I

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

ਅਧਿਸੂਚਨਾ

ਮਿਤੀ 28 ਨਵੰਬਰ, 2025

ਨੰ: 59/ਭ.ਕ./2025.- ਪੰਜਾਬ ਗਊ-ਜਾਤੀ ਨਸਲਕਸ਼ੀ ਐਕਟ, 2016 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

NOTIFICATION

The 28th November, 2025

**No. 59/L.C./2025.**- The Translation in Punjabi of the Punjab Bovine Breeding Act, 2016 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਪੰਜਾਬ ਗਊ-ਜਾਤੀ ਨਸਲਕਸ਼ੀ ਐਕਟ, 2016

(2016 ਦਾ ਪੰਜਾਬ ਐਕਟ ਨੰ: 17)

ਪੰਜਾਬ ਰਾਜ ਵਿੱਚ ਗਊ-ਜਾਤੀ ਦੇ ਵੀਰਜ ਦੇ ਉਤਪਾਦਨ, ਗਊ-ਜਾਤੀ ਦੇ ਵੀਰਜ ਦੀ ਪ੍ਰੋਸੈਸਿੰਗ, ਸਟੋਰੇਜ, ਵਿਕਰੀ ਅਤੇ ਵੰਡ ਅਤੇ ਮਸਨੂਈ ਗਰਭਣ ਅਤੇ ਕਿਸੇ ਵੀ ਹੋਰ ਨਸਲਕਸ਼ੀ ਸਰਗਰਮੀ ਲਈ ਗਊ-ਜਾਤੀ ਦੇ ਨਸਲਕਸ਼ੀ ਬਲਦਾਂ ਦੀ ਵਰਤੋਂ ਸਮੇਤ ਗਊ-ਜਾਤੀ ਦੇ ਨਸਲਕਸ਼ੀ ਸਰਗਰਮੀਆਂ ਨੂੰ ਨਿਯਮਤ ਕਰਕੇ ਗਊ-ਜਾਤੀ ਦੇ ਸੁਧਾਰ ਲਈ ਅਤੇ ਇਸ ਨਾਲ ਸਬੰਧਤ ਜਾਂ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਸਤਾਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਗਊ-ਜਾਤੀ ਨਸਲਕਸ਼ੀ ਐਕਟ, 2016 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਅਜਿਹੀ ਤਰੀਕ ਤੋਂ ਨਾਫ਼ਜ਼ ਹੋਵੇਗਾ ਜਿਵੇਂ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਨਿਯਤ ਕਰੇ।

2. ਇਸ ਐਕਟ ਵਿੱਚ, ਜੇਕਰ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਮਸਨੂਈ ਗਰਭਣ" ਜਾਂ "ਏ.ਆਈ." ਦਾ ਮਤਲਬ ਹੈ ਗਊ-ਜਾਤੀ ਦੇ ਵੀਰਜ ਨੂੰ ਮਸਨੂਈ ਤਰੀਕਿਆਂ ਨਾਲ ਪਰਿਪੱਕ ਮਾਦਾ ਪ੍ਰਜਣਨ ਇਲਾਕੇ ਵਿੱਚ ਜਮ੍ਹਾਂ ਕਰਨ ਲਈ ਵਰਤੀ ਜਾਂਦੀ ਤਕਨੀਕ;

(ਅ) "ਅਥਾਰਟੀ" ਦਾ ਮਤਲਬ ਹੈ ਧਾਰਾ 3 ਅਧੀਨ ਗਠਤ ਗਊ-ਜਾਤੀ ਨਸਲਕਸ਼ੀ ਅਥਾਰਟੀ;

(ੲ) "ਅਧਿਕਾਰਤ ਇਨਸੈਮੀਨੇਟਰ" ਦਾ ਮਤਲਬ ਹੈ ਇੱਕ ਡੰਗਰ ਡਾਕਟਰ ਜਾਂ ਸਲੋਤਰੀ ਇੰਸਪੈਕਟਰ ਜਾਂ ਸਲੋਤਰੀ ਫਾਰਮਾਸਿਸਟ (ਚਾਹੇ ਜਿਸ ਵੀ ਨਾਂ ਨਾਲ ਬੁਲਾਇਆ ਜਾਵੇ) ਜਾਂ ਸਿਖਲਾਈ ਪ੍ਰਾਪਤ ਏ.ਆਈ. ਕਾਮਾ ਜਿਸ ਨੂੰ ਅਥਾਰਟੀ ਦੁਆਰਾ ਅਜਿਹੇ ਤਰੀਕੇ ਨਾਲ ਪ੍ਰਮਾਣਿਤ ਕੀਤਾ ਜਾਣਾ ਹੈ, ਜਿਵੇਂ ਮੁਕੱਰਰ ਕੀਤਾ ਜਾਵੇ;

(ਸ) "ਗਊ-ਜਾਤੀ" ਦਾ ਮਤਲਬ ਹੈ ਗਊ, ਗਊ-ਸਾਨ੍ਹ, ਗਊ-ਵੱਛੀ, ਮੱਝ, ਮੱਝ-ਝੋਟਾ ਅਤੇ ਮੱਝ-ਕੱਟੀ;

(ਹ) "ਗਊ-ਜਾਤੀ ਨਸਲਕਸ਼" ਦਾ ਮਤਲਬ ਹੈ ਗਊ-ਜਾਤੀ ਨਸਲਕਸ਼ੀ ਸਰਗਰਮੀ ਵਿੱਚ ਰੁੱਝਿਆ ਕੋਈ ਵਿਅਕਤੀ ਜਾਂ ਸੰਗਠਨ ਜਾਂ ਫ਼ਰਮ ਜਾਂ ਏਜੰਸੀ;

(ਕ) "ਗਊ-ਜਾਤੀ ਨਸਲਕਸ਼ੀ" ਦਾ ਮਤਲਬ ਹੈ ਗਊ-ਜਾਤੀ ਵਿੱਚ ਨਸਲਕਸ਼ੀ ਸਰਗਰਮੀਆਂ ਜਿਸ ਵਿੱਚ ਗਊ-ਜਾਤੀ ਸਾਨ੍ਹ, ਵੀਰਜ ਜਾਂ ਭਰੂਣ ਦੀ ਵਰਤੋਂ ਸ਼ਾਮਲ ਹੈ;

(ਖ) "ਨਸਲਕਸ਼ੀ ਨੀਤੀ" ਦਾ ਮਤਲਬ ਹੈ ਪਸ਼ੂ-ਧਨ ਨਸਲਕਸ਼ੀ ਨੀਤੀ, ਜੋ ਕਿ ਰਾਜ ਵਿੱਚ ਪਸ਼ੂਆਂ, ਖ਼ਾਸ ਕਰਕੇ ਗਊ-ਜਾਤੀ ਦੀ ਨਸਲਕਸ਼ੀ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੁਆਰਾ ਠੀਕ ਤੌਰ ਤੇ ਅਧਿਸੂਚਿਤ ਕੀਤੀ ਗਈ ਹੈ;

(ਗ) "ਪ੍ਰਮਾਣਤ ਸਾਨ੍ਹ" ਦਾ ਮਤਲਬ ਹੈ ਅਥਾਰਟੀ ਦੁਆਰਾ ਪ੍ਰਮਾਣਤ ਇੱਕ ਗਊ-ਜਾਤੀ ਸਾਨ੍ਹ, ਜਿਸ ਨੂੰ ਕਿਸੇ ਖ਼ਾਸ ਗਊ-ਜਾਤੀ ਵਾਲੀ ਨਸਲ ਲਈ ਵੀਰਜ ਉਤਪਾਦਨ ਲਈ ਰੱਖਿਆ ਜਾਂਦਾ ਹੈ ਅਤੇ ਮਿਆਰਾਂ ਨੂੰ ਪੂਰੇ ਕਰਦਾ ਹੈ, ਜਿਵੇਂ ਮੁਕੱਰਰ ਕੀਤਾ ਜਾਵੇ;

(ਘ) "ਚੇਅਰਪਰਸਨ" ਦਾ ਮਤਲਬ ਹੈ ਅਥਾਰਟੀ ਦਾ ਚੇਅਰਪਰਸਨ;

(ਙ) "ਭਰੂਣ" ਦਾ ਮਤਲਬ ਹੈ ਇੱਕ ਬਣਤ ਜੋ ਗਊ-ਜਾਤੀ ਨਰ ਅਤੇ ਮਾਦਾ ਵੀਰਜ-ਅਣੂ ਦੇ ਸੰਯੋਜਨ ਦੇ ਨਤੀਜੇ ਵਜੋਂ ਵਿਕਸਤ ਹੁੰਦੀ ਹੈ;

(ਚ) "ਮਾਹਿਰ" ਦਾ ਮਤਲਬ ਹੈ ਇੱਕ ਮਾਹਿਰ ਜੋ ਲੋੜਾਂ ਨੂੰ ਪੂਰਾ ਕਰਦਾ ਹੈ, ਜਿਵੇਂ ਅਥਾਰਟੀ ਦੁਆਰਾ ਉਲਿਖਤ ਕੀਤਾ ਜਾਵੇ;

(ਛ) "ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ ਵਿੱਚ ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ;

(ਜ) "ਗਲਤ ਬ੍ਰਾਂਡ ਵਾਲਾ ਵੀਰਜ" ਦਾ ਮਤਲਬ ਹੈ ਉਹ ਵੀਰਜ ਜਿਸ ਦਾ ਡੀ.ਐਨ.ਏ. ਰੇਖਾ-ਚਿੱਤਰ ਵੀਰਜ ਬੈਂਕ ਜਾਂ ਵੀਰਜ ਨਲਕੀ ਦੇ ਰਿਕਾਰਡ ਵਿੱਚ ਜ਼ਿਕਰ ਕੀਤੇ ਗਏ ਸਾਨ੍ਹ ਦੇ ਡੀ.ਐਨ.ਏ. ਰੇਖਾ-ਚਿੱਤਰ ਨਾਲ ਮੇਲ ਨਹੀਂ ਖਾਂਦਾ।

(ਝ) "ਬੰਸਾਵਲੀ" ਦਾ ਮਤਲਬ ਹੈ ਸਾਨ੍ਹ/ਜਨਨੀ ਦੇ ਪਿਤਾ ਪੁਰਖੀ ਵੰਸ਼ ਨੂੰ ਦਰਸਾਉਂਦੀ ਕੁਲ ਸਬੰਧੀ ਜਾਣਕਾਰੀ;

(ਞ) "ਇਹਾਤਾ" ਦਾ ਮਤਲਬ ਹੈ ਕੋਈ ਵੀ ਸਥਾਨ, ਭੋਂ, ਵਿਹੜਾ, ਇਮਾਰਤ ਜਾਂ ਕੋਈ ਹੋਰ ਜਗ੍ਹਾ ਜੋ ਵੀਰਜ ਉਤਪਾਦਨ, ਸਟੋਰ ਕਰਨ, ਟਰਾਂਸਪੋਰਟ ਕੀਤਾ ਜਾਣਾ, ਵੰਡ, ਵਪਾਰ ਜਾਂ ਉਪਭੋਗ ਲਈ ਵਰਤੀ ਜਾਂਦੀ ਹੈ;

(ਟ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ;

(ਠ) "ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾ" ਦਾ ਮਤਲਬ ਹੈ ਉੱਤਰੀ ਖੇਤਰੀ ਰੋਗ ਨਿਦਾਨਕਾਰੀ ਪ੍ਰਯੋਗਸ਼ਾਲਾ, ਜਲੰਧਰ ਜਾਂ ਅਥਾਰਟੀ ਦੁਆਰਾ ਠੀਕ ਤਰ੍ਹਾਂ ਅਧਿਕਾਰਤ ਕੋਈ ਹੋਰ ਰਾਸ਼ਟਰੀ ਪੱਧਰ ਦੀ ਪ੍ਰਯੋਗਸ਼ਾਲਾ;

(ਡ) "ਰਜਿਸਟਰਾਰ" ਦਾ ਮਤਲਬ ਹੈ ਅਥਾਰਟੀ ਦਾ ਰਜਿਸਟਰਾਰ;

(ਢ) "ਵੀਰਜ" ਦਾ ਮਤਲਬ ਹੈ ਕਿਸੇ ਵੀ ਰੂਪ ਵਿੱਚ ਸਾਨ੍ਹ ਜਾਂ ਝੋਟੇ ਦਾ ਵੀਰਜ/ਲਿੰਗੀ ਵੀਰਜ;

(ਣ) "ਵੀਰਜ ਬੈਂਕ" ਦਾ ਮਤਲਬ ਹੈ ਇੱਕ ਇਹਾਤਾ ਜਿੱਥੇ ਗਊ-ਜਾਤੀ ਦੇ ਵੀਰਜ ਨੂੰ ਵਪਾਰ ਜਾਂ ਵੰਡ ਲਈ ਸਟੋਰ ਕੀਤਾ ਜਾਂਦਾ ਹੈ;

(ਤ) "ਵੀਰਜ ਸਟੇਸ਼ਨ" ਦਾ ਮਤਲਬ ਹੈ ਇੱਕ ਇਹਾਤਾ, ਜਿੱਥੇ ਗਊ-ਜਾਤੀ ਦੇ ਵੀਰਜ ਦਾ ਉਤਪਾਦਨ, ਪ੍ਰੋਸੈਸ ਕਰਨ ਅਤੇ ਸਟੋਰ ਕਰਨ ਲਈ ਇੱਕ ਸਹੂਲਤ ਸਥਾਪਤ ਕੀਤੀ ਜਾਂਦੀ ਹੈ;

(ਥ) "ਸੇਵਾਵਾਂ" ਦਾ ਮਤਲਬ ਹੈ ਕੋਈ ਵੀ ਗਊ-ਜਾਤੀ ਨਸਲਕਸ਼ੀ ਸੇਵਾਵਾਂ, ਜਿਵੇਂ ਸਰਕਾਰ ਦੁਆਰਾ ਉਲਿਖਤ ਕੀਤਾ ਜਾਵੇ;

(ਦ) "ਮਿਆਰ ਤੋਂ ਡਿੱਗਿਆ ਵੀਰਜ" ਦਾ ਮਤਲਬ ਹੈ ਵੀਰਜ ਜਾਂ ਵੀਰਜ ਨਲਕੀ ਜੋ ਮਿਆਰਾਂ ਨੂੰ ਪੂਰਾ ਨਹੀਂ ਕਰਦਾ, ਜਿਵੇਂ ਮੁਕੱਰਰ ਕੀਤਾ ਜਾਵੇ; ਅਤੇ

(ਧ) "ਡੰਗਰ ਡਾਕਟਰ" ਦਾ ਮਤਲਬ ਹੈ ਇੱਕ ਰਜਿਸਟਰਸ਼ੁਦਾ ਡੰਗਰ ਡਾਕਟਰ ਜਿਵੇਂ ਭਾਰਤੀ ਸਲੋਤਰੀ ਪਰਿਸ਼ਦ ਐਕਟ, 1984 (1984 ਦਾ ਕੇਂਦਰੀ ਐਕਟ ਨੰ: 52) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ।

## ਅਧਿਆਏ II

## ਗਊ-ਜਾਤੀ ਨਸਲਕਸ਼ੀ ਅਥਾਰਟੀ

ਅਥਾਰਟੀ ਦਾ ਗਠਨ।

3. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਗਊ-ਜਾਤੀ ਨਸਲਕਸ਼ੀ ਅਥਾਰਟੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਅਥਾਰਟੀ ਦਾ ਗਠਨ ਕਰੇਗੀ।

(2) ਅਥਾਰਟੀ ਹੇਠ-ਲਿਖਿਆਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (ੳ) | ਡਾਇਰੈਕਟਰ, ਪਸ਼ੂ ਪਾਲਣ, ਪੰਜਾਬ; | : | ਚੇਅਰਪਰਸਨ |
| (ਅ) | ਡਾਇਰੈਕਟਰ, ਭਾਰਤੀ ਸਲੋਤਰੀ ਖੋਜ ਸੰਸਥਾ, ਇੱਜ਼ਤਨਗਰ ਜਾਂ ਇਸ ਦਾ ਪ੍ਰਤੀਨਿਧ (ਜੋ ਪ੍ਰਮੁੱਖ ਵਿਗਿਆਨੀ ਰੈਂਕ ਤੋਂ ਥੱਲੇ ਦਾ ਨਾ ਹੋਵੇ); | : | ਮੈਂਬਰ |
| (ੲ) | ਸੰਯੁਕਤ ਕਮਿਸ਼ਨਰ, ਪਸ਼ੂ ਪਾਲਣ, ਪਸ਼ੂ ਪਾਲਣ, ਡੇਅਰੀ ਅਤੇ ਮੱਛੀ ਪਾਲਣ ਵਿਭਾਗ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ, ਭਾਰਤ ਸਰਕਾਰ; | : | ਮੈਂਬਰ |
| (ਸ) | ਡਾਇਰੈਕਟਰ ਖੋਜ, ਗੁਰੂ ਅੰਗਦ ਦੇਵ ਸਲੋਤਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ, ਲੁਧਿਆਣਾ; | : | ਮੈਂਬਰ |
| (ਹ) | ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਉੱਘਾ ਡੰਗਰ ਡਾਕਟਰ; | : | ਮੈਂਬਰ |
| (ਕ) | ਸਰਕਾਰ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਉੱਘਾ ਗਊ-ਜਾਤੀ ਨਸਲਕਸ਼; ਅਤੇ | : | ਮੈਂਬਰ |
| (ਖ) | ਸੰਯੁਕਤ ਡਾਇਰੈਕਟਰ, ਪਸ਼ੂ ਪਾਲਣ, ਪੰਜਾਬ। | : | ਰਜਿਸਟਰਾਰ |

(3) ਅਥਾਰਟੀ ਦੇ ਮਾਮਲੇ ਰਜਿਸਟਰਾਰ ਦੁਆਰਾ ਪ੍ਰਬੰਧਨ ਅਤੇ ਪ੍ਰਸ਼ਾਸਤ ਕੀਤੇ ਜਾਣਗੇ।

(4) ਅਥਾਰਟੀ ਨੌਂ ਤੋਂ ਨਾ ਵੱਧ ਦੇ ਮੈਂਬਰਾਂ ਤੋਂ ਮਿਲ ਕੇ ਬਣੇ ਮਾਹਿਰਾਂ ਦਾ ਇੱਕ ਸਲਾਹਕਾਰ ਪੈਨਲ ਤਿਆਰ ਕਰੇਗੀ। ਮਾਹਿਰਾਂ ਦੇ ਪੈਨਲ ਵਿੱਚੋਂ, ਅਥਾਰਟੀ ਤਿੰਨ ਤੋਂ ਨਾ ਵੱਧ ਦੇ ਮੈਂਬਰਾਂ ਦੀ ਕਮੇਟੀ(ਆਂ) ਬਣਾਏਗੀ, ਜਿਹੜੀ ਅਜਿਹੇ ਕਾਜਕਾਰ ਨਿਭਾਏਗੀ ਜੋ ਅਥਾਰਟੀ ਦੁਆਰਾ ਲੋੜੀਂਦੇ ਹੋਣ। ਅਜਿਹੀ ਕਮੇਟੀ (ਆਂ) ਦੇ ਮੈਂਬਰ ਅਜਿਹਾ ਮਾਣ-ਭੱਤਾ, ਯਾਤਰਾ ਭੱਤਾ ਅਤੇ ਰੋਜ਼ਾਨਾ ਭੱਤੇ ਦੇ ਹੱਕਦਾਰ ਹੋਣਗੇ, ਜਿਵੇਂ ਮੁਕੱਰਰ ਕੀਤਾ ਜਾਵੇ।

4. ਅਥਾਰਟੀ ਦਾ ਮੁੱਖ ਦਫ਼ਤਰ ਡਾਇਰੈਕਟਰ, ਪਸ਼ੂ ਪਾਲਣ, ਪੰਜਾਬ ਦੇ ਦਫ਼ਤਰ ਵਿਖੇ ਹੋਵੇਗਾ। ਅਥਾਰਟੀ ਦਾ ਮੁੱਖ ਦਫ਼ਤਰ।

5. (1) ਅਥਾਰਟੀ ਉਸ ਸਮੇਂ ਅਤੇ ਸਥਾਨ ਤੇ ਇਕੱਤਰਤਾ ਕਰੇਗੀ ਜਿਵੇਂ ਰਜਿਸਟਰਾਰ ਚੇਅਰਪਰਸਨ ਨਾਲ ਮਸ਼ਵਰਾ ਕਰਕੇ ਨਿਰਧਾਰਤ ਕਰੇ ਅਤੇ ਅਜਿਹੀਆਂ ਇਕੱਤਰਤਾਵਾਂ ਵਿੱਚ ਆਪਣੇ ਕਾਰੋਬਾਰ ਦੇ ਸੰਚਾਲਣ ਦੇ ਬਾਬਤ ਅਜਿਹੇ ਜ਼ਾਬਤੇ ਦੀ ਪਾਲਣਾ ਕਰੇਗੀ, ਜਿਵੇਂ ਮੁਕੱਰਰ ਕੀਤਾ ਜਾਵੇ। ਅਥਾਰਟੀ ਦੀਆਂ ਇਕੱਤਰਤਾਵਾਂ।

(2) ਇਕੱਤਰਤਾ ਵਿੱਚ ਕਾਰੋਬਾਰ ਦੇ ਸੰਚਾਲਣ ਲਈ ਜ਼ਰੂਰੀ ਕੋਰਮ ਚਾਰ ਮੈਂਬਰਾਂ ਦਾ ਹੋਵੇਗਾ।

6. ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਵਿੱਚ ਉਪਬੰਧਤ ਅਨੁਸਾਰ, ਅਥਾਰਟੀ ਦੇ ਕਾਜਕਾਰ ਹੇਠ-ਲਿਖੇ ਅਨੁਸਾਰ ਹੋਣਗੇ:- ਅਥਾਰਟੀ ਦੇ ਕਾਜਕਾਰ।

(ੳ) ਪੰਜਾਬ ਰਾਜ ਵਿੱਚ ਨਸਲਕਸ਼ੀ ਨੀਤੀ ਅਤੇ ਸੇਵਾਵਾਂ ਬਣਾਉਣੀਆਂ ਅਤੇ ਪਰਿਪਾਲਣ ਕਰਨਾ।

(ਅ) ਪੰਜਾਬ ਰਾਜ ਦੇ ਅੰਦਰ ਜਾਂ ਬਾਹਰ ਪੈਦਾ ਕੀਤੇ ਗਏ ਜਾਂ ਕਿਸੇ ਹੋਰ ਦੇਸ਼ ਤੋਂ ਦਰਾਮਦ ਕੀਤੇ ਗਏ ਵੀਰਜ ਜਾਂ ਭਰੂਣਾਂ ਦੇ ਸਟੋਰ ਕਰਨ, ਵਿਕਰੀ ਅਤੇ ਵਰਤੋਂ ਨੂੰ ਵਿਨਿਯਮਤ ਕਰਨਾ।

(ੲ) ਗਊ-ਜਾਤੀ ਸਾਨ੍ਹ ਨੂੰ ਪ੍ਰਮਾਣਤ ਕਰਨਾ, ਜੋ ਮਿਆਰਾਂ ਨੂੰ ਪੂਰਾ ਕਰਦੇ ਹਨ, ਜਿਵੇਂ ਮੁਕੱਰਰ ਕੀਤਾ ਜਾਵੇ।

(ਸ) ਇਸ ਐਕਟ ਦੇ ਅਧਿਆਏ III ਵਿੱਚ ਅਧਿ-ਕਥਿਤ ਉਪਬੰਧਾਂ ਅਨੁਸਾਰ ਪੰਜਾਬ ਰਾਜ ਵਿੱਚ ਵੀਰਜ ਸਟੇਸ਼ਨਾਂ ਨੂੰ ਰਜਿਸਟਰ ਕਰਨਾ।

(ਹ) ਪੰਜਾਬ ਰਾਜ ਵਿੱਚ ਵੀਰਜ ਬੈਂਕਾਂ ਨੂੰ ਰਜਿਸਟਰ ਕਰਨਾ।

(ਕ) ਅਥਾਰਟੀ ਦੁਆਰਾ ਅਧਿ-ਕਥਿਤ ਕੀਤੇ ਜਾਣ ਵਾਲੇ ਮੁਨਾਸਬ ਮਿਆਰੀ ਕਾਰਜਸ਼ੀਲ ਜ਼ਾਬਤਿਆਂ ਰਾਹੀਂ ਪੰਜਾਬ ਰਾਜ ਵਿੱਚ ਗਊ-ਜਾਤੀ ਨਸਲਕਸ਼ੀ ਸਰਗਰਮੀਆਂ ਨੂੰ ਚਲਾਉਣ ਲਈ ਸਿਖਲਾਈ ਪ੍ਰਾਪਤ ਏ.ਆਈ. ਕਾਮਿਆਂ ਨੂੰ ਪ੍ਰਮਾਣਤ ਕਰਨਾ।

(ਖ) ਗਊ-ਜਾਤੀ ਨਸਲਕਸ਼ੀ ਸਬੰਧੀ ਅਜਿਹੇ ਹੋਰ ਕਾਜਕਾਰ ਕਰਨੇ, ਜਿਵੇਂ ਮੁਕੱਰਰ ਕੀਤਾ ਜਾਵੇ।

7. ਅਥਾਰਟੀ, ਆਪਣੇ ਕਰਤੱਵ ਪਸ਼ੂ ਪਾਲਣ ਵਿਭਾਗ, ਪੰਜਾਬ ਦੇ ਅਮਲੇ ਰਾਹੀਂ ਨਿਭਾਏਗੀ। ਇਹ ਪਸ਼ੂ-ਪਾਲਣ ਯੋਗਤਾਵਾਂ ਅਤੇ ਤਜਰਬੇ ਵਾਲੇ, ਜਿਵੇਂ ਮੁਕੱਰਰ ਕੀਤਾ ਜਾਵੇ, ਅਜਿਹੀ ਗਿਣਤੀ ਦੇ ਅਧਿਕਾਰੀਆਂ ਅਤੇ ਮਾਹਿਰਾਂ ਨੂੰ ਆਊਟਸੋਰਸ ਜਾਂ ਪ੍ਰਤੀਨਿਯੁਕਤੀ ਤੇ ਵੀ ਲੈ ਸਕਦੀ ਹੈ, ਜਿਵੇਂ ਇਹ ਇਸ ਦੇ ਕਾਜਕਾਰਾਂ ਨੂੰ ਕੁਸ਼ਲਤਾ ਨਾਲ ਨਿਭਾਉਣ ਲਈ ਜ਼ਰੂਰੀ ਸਮਝੇ। ਅਥਾਰਟੀ ਦੇ ਮਾਹਿਰ ਤੇ ਹੋਰ ਕਰਮਚਾਰੀ ਵਰਗ।

ਅਥਾਰਟੀ ਦੀ ਅਧਿਕਾਰਤਾ ਅਤੇ ਸ਼ਕਤੀਆਂ।

8. (1) ਇਸ ਐਕਟ ਦੇ ਉਪਬੰਧਾਂ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਤਾਬੇ ਅਥਾਰਟੀ ਦੀ ਗਊ-ਜਾਤੀ ਨਸਲਕਸ਼ੀ ਸਰਗਰਮੀਆਂ ਬਾਰੇ ਪੂਰੇ ਪੰਜਾਬ ਰਾਜ ਵਿੱਚ ਅਧਿਕਾਰਤਾ ਹੋਵੇਗੀ।

(2) ਇਸ ਐਕਟ ਅਧੀਨ ਅਥਾਰਟੀ ਨੂੰ ਪ੍ਰਦਾਨ ਕੀਤੇ ਗਏ ਕਾਜਕਾਰਾਂ ਨੂੰ ਨਿਭਾਉਣ ਲਈ, ਅਥਾਰਟੀ ਜਾਂ ਇਸ ਨਮਿੱਤ ਇਸ ਦੁਆਰਾ ਸ਼ਕਤੀ ਪ੍ਰਾਪਤ ਕਿਸੇ ਵੀ ਅਧਿਕਾਰੀ ਨੂੰ ਕਿਸੇ ਵੀ ਵੀਰਜ ਸਟੇਸ਼ਨ ਜਾਂ ਗਊ-ਜਾਤੀ ਨਸਲਕਸ਼ੀ ਸਰਗਰਮੀਆਂ ਵਿੱਚ ਲੱਗੇ ਸਬੰਧਤ ਵਿਅਕਤੀ ਤੋਂ ਕੋਈ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਦੀ ਸ਼ਕਤੀ ਹੋਵੇਗੀ।

(3) ਅਥਾਰਟੀ ਕੋਲ ਕਿਸੇ ਵੀ ਇਹਾਤੇ ਦੇ ਇੰਚਾਰਜ ਕਿਸੇ ਵਿਅਕਤੀ ਤੋਂ, ਜਿੱਥੇ ਗਊ-ਜਾਤੀ ਨਸਲਕਸ਼ੀ ਨਾਲ ਸਬੰਧਤ ਕੋਈ ਸਰਗਰਮੀ ਕੀਤੀ ਜਾਂਦੀ ਹੈ ਜਾਂ ਜੋ ਇਸ ਦੀ ਰਾਏ ਵਿੱਚ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧਾਂ ਦੀ ਉਲੰਘਣਾ ਕਰ ਰਿਹਾ ਹੈ, ਅਜਿਹੀ ਜਾਣਕਾਰੀ ਅਤੇ ਅਜਿਹੇ ਰੂਪ ਵਿੱਚ, ਜਿਵੇਂ ਇਸ ਦੁਆਰਾ ਉਲਿਖਤ ਕੀਤਾ ਜਾਵੇ, ਲੋੜਦੇ ਹੋਏ ਮੁਹੱਈਆ ਕਰਵਾਉਣ ਲਈ ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ ਹੋਵੇਗੀ।

## ਅਧਿਆਏ III

## ਵੀਰਜ ਸਟੇਸ਼ਨਾਂ ਅਤੇ ਵੀਰਜ ਬੈਂਕਾਂ ਦਾ ਰਜਿਸਟਰੀਕਰਨ ਅਤੇ ਸਾਨ੍ਹਾਂ ਅਤੇ ਸਿਖਲਾਈ ਪ੍ਰਾਪਤ ਏ.ਆਈ. ਕਾਮਿਆਂ ਦਾ ਪ੍ਰਮਾਣਨ

ਵੀਰਜ ਦਾ ਰਜਿਸਟਰੀਕਰਨ।

9. (1) ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਅਤੇ ਤੋਂ, ਕੋਈ ਵੀ ਵਿਅਕਤੀ (ਕਿਸੇ ਵੀ ਫਰਮ, ਸੀਮਤ ਦੇਣਦਾਰੀ ਭਾਈਵਾਲੀ (ਐਲ.ਐਲ.ਪੀ.), ਕੰਪਨੀ, ਉਤਪਾਦਕ ਕੰਪਨੀ, ਸੰਸਥਾ, ਐਨ.ਜੀ.ਓ., ਨਸਲਕਸ਼ਾ ਦੀ ਸਭਾ, ਟਰੱਸਟ, ਕੇਂਦਰੀ/ਰਾਜ ਸਰਕਾਰ ਦੇ ਵਿਭਾਗ, ਸਹਿਕਾਰੀ ਸਭਾ ਜਾਂ ਕੋਈ ਹੋਰ ਏਜੰਸੀ ਸਮੇਤ), ਅਥਾਰਟੀ ਤੋਂ ਰਜਿਸਟਰੀਕਰਨ ਦਾ ਸਰਟੀਫਿਕੇਟ ਪ੍ਰਾਪਤ ਕੀਤੇ ਬਿਨਾਂ ਮਸਨੂਈ ਗਰਭਣ ਜਾਂ ਭਰੂਣਾਂ ਦੇ ਉਤਪਾਦਨ ਅਤੇ ਤਬਾਦਲੇ ਲਈ ਵੀਰਜ ਖੁਰਾਕਾਂ ਦੇ ਉਤਪਾਦਨ ਅਤੇ ਸਟੋਰ ਕਰਨ ਲਈ ਵੀਰਜ ਸਟੇਸ਼ਨ ਸਥਾਪਤ ਅਤੇ ਸੰਚਾਲਤ ਨਹੀਂ ਕਰੇਗਾ।

(2) ਕੋਈ ਵੀ ਵਿਅਕਤੀ ਜੋ ਨਵਾਂ ਵੀਰਜ ਸਟੇਸ਼ਨ ਸਥਾਪਤ ਕਰਨਾ ਅਤੇ ਸੰਚਾਲਤ ਕਰਨਾ ਚਾਹੁੰਦਾ ਹੈ, ਰਜਿਸਟਰੀਕਰਨ ਜਾਂ ਨਵਿਆਉਣ ਲਈ ਅਰਜ਼ੀ ਅਜਿਹੀ ਫ਼ੀਸ ਨਾਲ ਅਜਿਹੇ ਰੂਪ ਵਿੱਚ ਦੇਵੇਗਾ ਜਿਵੇਂ ਮੁਕੱਰਰ ਕੀਤਾ ਜਾਵੇ।

(3) ਮੌਜੂਦਾ ਵੀਰਜ ਸਟੇਸ਼ਨ ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਤੋਂ ਤਿੰਨ ਮਹੀਨੇ ਅੰਦਰ ਅਜਿਹੀ ਫ਼ੀਸ ਦੇ ਨਾਲ ਅਜਿਹੇ ਰੂਪ ਵਿੱਚ ਰਜਿਸਟਰੀਕਰਨ ਦਾ ਸਰਟੀਫਿਕੇਟ ਜਾਰੀ ਕਰਨ ਲਈ ਅਥਾਰਟੀ ਨੂੰ ਅਰਜ਼ੀ ਦੇਣਗੇ। ਉਹ ਅਜਿਹੇ ਹੋਰ ਵੇਰਵਿਆਂ ਸਮੇਤ ਵੀਰਜ ਦੇ ਮੌਜੂਦਾ ਸਟਾਕ ਦਾ ਵੀ ਐਲਾਨ ਕਰਨਗੇ ਜੋ ਫਾਰਮ ਵਿੱਚ ਲੋੜੀਂਦਾ ਹੋਵੇ।

(4) ਨਵਾਂ ਵੀਰਜ ਸਟੇਸ਼ਨ ਸਥਾਪਨ ਕਰਨ ਦਾ ਇਰਾਦਾ ਰੱਖਣ ਵਾਲੇ ਦਰਖ਼ਾਸਤਕਾਰ ਜਾਂ ਮੌਜੂਦਾ ਵੀਰਜ ਸਟੇਸ਼ਨ, ਜਿਨ੍ਹਾਂ ਨੇ ਅਥਾਰਟੀ ਨੂੰ ਮੁਕੱਰਰ ਫ਼ੀਸ ਦੇ ਨਾਲ ਇੱਕ ਅਰਜ਼ੀ ਫਾਰਮ ਜਮ੍ਹਾਂ ਕਰਵਾਇਆ ਹੈ, ਨੂੰ ਇਸ ਧਾਰਾ ਦੀ ਉਪ-ਧਾਰਾ (6) ਵਿੱਚ ਉਲਿਖਤ ਸ਼ਰਤਾਂ ਨੂੰ ਪੂਰਾ ਕਰਨ ਲਈ ਰਜਿਸਟਰੀਕਰਨ ਦਾ ਇੱਕ ਆਰਜ਼ੀ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਰਜਿਸਟਰੀਕਰਨ ਦਾ ਆਰਜ਼ੀ ਸਰਟੀਫਿਕੇਟ ਬਾਰਾਂ ਮਹੀਨੇ ਦੀ ਮੁੱਦਤ ਲਈ ਜਾਇਜ਼ ਹੋਵੇਗਾ। ਬਿਨੈਕਾਰ ਦੀ ਲਿਖਤੀ ਬੇਨਤੀ 'ਤੇ, ਇਸ ਨੂੰ ਛੇ ਮਹੀਨੇ ਦੀ ਹੋਰ ਮੁੱਦਤ ਲਈ ਵਧਾਇਆ ਜਾ ਸਕੇਗਾ। ਅਥਾਰਟੀ ਇੱਕ ਮਹੀਨੇ ਦੇ ਅੰਦਰ ਵਾਧੇ ਦੀ ਪਰਸਥਿਤੀ ਬਾਰੇ ਜਵਾਬ ਦੇਵੇਗੀ।

(5) ਨਵੇਂ ਵੀਰਜ ਸਟੇਸ਼ਨ ਜਾਂ ਮੌਜੂਦਾ ਵੀਰਜ ਸਟੇਸ਼ਨ ਲਈ ਰਜਿਸਟਰੀਕਰਨ ਦਾ ਸਰਟੀਫਿਕੇਟ ਦੇਣ ਲਈ, ਦਰਖ਼ਾਸਤਕਾਰ ਉਪਰੋਕਤ ਬਾਰਾਂ ਮਹੀਨੇ ਦੇ ਜਾਂ ਛੇ ਮਹੀਨੇ ਦੀ ਵਧਾਈ ਗਈ ਮੁੱਦਤ ਦੇ ਅੰਦਰ, ਜੋ ਵੀ ਲਾਗੂ ਹੋਵੇ, ਨਿਰੀਖਣ ਲਈ ਅਥਾਰਟੀ ਨੂੰ ਲਿਖਤੀ ਬੇਨਤੀ ਕਰੇਗਾ। ਇਸ ਤੋਂ ਉਪਰੰਤ, ਅਥਾਰਟੀ ਅਜਿਹੇ ਨਿਰੀਖਣ ਲਈ ਸਲਾਹਕਾਰ ਪੈਨਲ ਤੋਂ ਮਾਹਿਰਾਂ ਦੀ ਇੱਕ ਕਮੇਟੀ ਭੇਜੇਗੀ।

(6) ਅਥਾਰਟੀ ਆਪਣੇ ਆਪ ਨੂੰ ਸੰਤੁਸ਼ਟ ਕਰਨ ਤੋਂ ਬਾਅਦ ਕਿ,-

(ੳ) ਵੀਰਜ ਸਟੇਸ਼ਨ,-

(i) ਕੋਲ ਗਊ-ਜਾਤੀ ਸਾਨ੍ਹਾਂ ਨੂੰ ਵੱਖਰਾ ਰੱਖਣ ਲਈ ਇਹਾਤਾ ਹੈ, ਜਿਵੇਂ ਅਥਾਰਟੀ ਜਾਂ ਭਾਰਤ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ;

(ii) ਕੋਲ ਸਾਨ੍ਹਾਂ ਦੇ ਪਾਲਣ ਅਤੇ ਰਿਹਾਇਸ਼ ਲਈ ਅਤੇ ਵੀਰਜ ਖੁਰਾਕਾਂ ਦੇ ਸੰਗ੍ਰਹਿ, ਪ੍ਰੋਸੈਸ ਕਰਨ, ਗੁਣਵੱਤਾ, ਕੰਟਰੋਲ, ਸਟੋਰ ਕਰਨ, ਵੰਡ ਅਤੇ ਵੱਖਰਾ ਰੱਖਣ ਲਈ ਇਹਾਤਾ ਹੈ, ਜਿਵੇਂ ਅਥਾਰਟੀ ਜਾਂ ਭਾਰਤ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ; ਅਤੇ

(iii) ਕੋਲ ਵੀਰਜ ਖੁਰਾਕਾਂ ਦੇ ਸਟੋਰ ਕਰਨ ਲਈ ਇਹਾਤਾ ਹੈ, ਜਿਵੇਂ ਅਥਾਰਟੀ ਜਾਂ ਭਾਰਤ ਸਰਕਾਰ ਦੁਆਰਾ ਮੁਕੱਰਰ ਕੀਤਾ ਜਾਵੇ;

(ਅ) ਵੀਰਜ ਖੁਰਾਕਾਂ ਦੇ ਉਤਪਾਦਨ ਲਈ ਵੀਰਜ ਸਟੇਸ਼ਨ ਵਿੱਚ ਵਰਤਿਆ ਜਾਣ ਵਾਲਾ ਹਰੇਕ ਸਾਨ੍ਹ,-

(i) ਅਥਾਰਟੀ ਜਾਂ ਭਾਰਤ ਸਰਕਾਰ ਦੁਆਰਾ ਮੁਕੱਰਰ ਕੀਤੇ ਅਨੁਸਾਰ ਟੈਸਟਾਂ ਲਈ ਨਕਾਰਾਤਮਕ ਟੈਸਟ ਕੀਤਾ ਗਿਆ ਹੈ;

(ੳ) ਵੱਖਰੇ ਸਟੇਸ਼ਨ ਵਿੱਚ ਇਸ ਦੇ ਪ੍ਰਵੇਸ਼ ਤੋਂ ਪਹਿਲਾਂ;

(ਅ) ਵੱਖਰੇ ਸਟੇਸ਼ਨ ਵਿੱਚ ਵੱਖਰੇ ਰੱਖਣ ਦੀ ਮੁੱਦਤ ਦੌਰਾਨ;

(ੲ) ਪਾਲਣ ਸਟੇਸ਼ਨ ਵਿੱਚ ਪਾਲਣ ਦੌਰਾਨ; ਅਤੇ

(ਸ) ਵੀਰਜ ਸਟੇਸ਼ਨ 'ਤੇ;

(ii) ਨਸਲਕਸ਼ੀ ਨੀਤੀ ਵਿੱਚ ਉਲਿਖਤ ਕੀਤੇ ਅਨੁਸਾਰ ਆਗਿਆ ਪ੍ਰਾਪਤ ਨਸਲਾਂ ਦੀਆਂ ਵਿਸ਼ੇਸ਼ਤਾਵਾਂ ਦੇ ਅਨੁਰੂਪ ਹੈ ਅਤੇ ਅਥਾਰਟੀ ਜਾਂ ਭਾਰਤ ਸਰਕਾਰ ਦੁਆਰਾ ਉਲਿਖਤ ਕੀਤੀ ਮਾਤਰਾ ਅਤੇ ਗੁਣਵੱਤਾ ਦੇ ਰੂਪ ਵਿੱਚ ਵੱਖ-ਵੱਖ ਵਿਸ਼ੇਸ਼ ਗੁਣਾਂ ਲਈ ਘੱਟੋ-ਘੱਟ ਮਿਆਰਾਂ ਨੂੰ ਪੂਰਾ ਕਰਦਾ ਹੈ ਅਤੇ ਜਿਵੇਂ ਸਮੇਂ ਸਮੇਂ ਤੇ ਰੂਪਭੇਦ ਅਤੇ ਅਧਿਸੂਚਤ ਕੀਤੇ ਜਾਂਦੇ ਹਨ;

(ੲ) ਵੀਰਜ ਸਟੇਸ਼ਨ ਸਾਨ੍ਹ ਦੇ ਸਹੀ ਵੇਰਵੇ ਰੱਖਦਾ ਹੈ, ਜਿਸ ਦੇ ਵੀਰਜ ਦੀਆਂ ਖੁਰਾਕਾਂ ਉਹ ਮਸਨੂਈ ਗਰਭਣ ਲਈ ਇੱਕ ਫਾਰਮੈਟ ਵਿੱਚ ਪੈਦਾ ਕਰਨਾ, ਸਟੋਰ ਕਰਨਾ, ਵੇਚਣਾ, ਵੰਡਣਾ ਜਾਂ ਵੰਡਣ ਦਾ ਪ੍ਰਸਤਾਵ ਰੱਖਦਾ ਹੈ, ਜਿਵੇਂ ਕਿ ਮੁਕੱਰਰ ਕੀਤਾ ਜਾਵੇ;

ਇੱਕ ਨਵੇਂ ਵੀਰਜ ਸਟੇਸ਼ਨ ਜਾਂ ਮੌਜੂਦਾ ਵੀਰਜ ਸਟੇਸ਼ਨ ਨੂੰ ਰਜਿਸਟਰੀਕਰਨ ਦਾ ਸਰਟੀਫਿਕੇਟ ਜਾਰੀ ਕਰੇਗਾ ਜਿਸ ਵਿੱਚ ਵੀਰਜ ਸਟੇਸ਼ਨ ਦਾ ਨਾਂ ਅਤੇ ਪਤਾ, ਵੀਰਜ ਸਟੇਸ਼ਨ ਦਾ ਰਜਿਸਟਰੀਕਰਨ ਨੰਬਰ, ਵੀਰਜ ਉਤਪਾਦਨ ਲਈ ਵਰਤੇ ਜਾਣ ਵਾਲੇ ਪ੍ਰਮਾਣਤ ਸਾਨ੍ਹਾਂ ਦਾ ਵਿਲੱਖਣ ਪਛਾਣ ਨੰਬਰ, ਵੀਰਜ ਸਟੇਸ਼ਨ ਦੇ ਇੰਚਾਰਜ ਦਾ ਨਾਮ ਅਤੇ ਅਜਿਹੇ ਨਿਬੰਧਨ ਅਤੇ ਸ਼ਰਤਾਂ ਸਪੱਸ਼ਟ ਤੌਰ ਤੇ ਦੱਸੀਆਂ ਹੋਣ, ਜਿਵੇਂ ਇਹ ਉਚਿਤ ਸਮਝੇ।

(7) ਇਸ ਧਾਰਾ ਅਧੀਨ ਵੀਰਜ ਸਟੇਸ਼ਨ ਨੂੰ ਜਾਰੀ ਕੀਤਾ ਗਿਆ ਰਜਿਸਟਰੀਕਰਨ ਸਰਟੀਫਿਕੇਟ ਇਸ ਦੇ ਜਾਰੀ ਹੋਣ ਦੀ ਤਰੀਕ ਤੋਂ ਦੋ ਸਾਲਾਂ ਦੀ ਮੁੱਦਤ ਲਈ ਜਾਇਜ਼ ਹੋਵੇਗਾ।

(8) ਵੀਰਜ ਸਟੇਸ਼ਨ, ਅਜਿਹੀ ਫ਼ੀਸ ਨਾਲ ਅਜਿਹੇ ਰੂਪ ਵਿੱਚ, ਜਿਵੇਂ ਮੁਕੱਰਰ ਕੀਤਾ ਜਾਵੇ, ਰਜਿਸਟਰੀਕਰਨ ਸਰਟੀਫਿਕੇਟ ਦੇ ਗੁਜ਼ਰਣ ਤੋਂ ਘੱਟੋ-ਘੱਟ ਤਿੰਨ ਮਹੀਨੇ ਪਹਿਲਾਂ ਅਥਾਰਟੀ ਨੂੰ ਰਜਿਸਟਰੀਕਰਨ ਦੇ ਨਵਿਆਉਣ ਲਈ ਅਰਜ਼ੀ ਦੇਵੇਗਾ। ਅਥਾਰਟੀ ਆਪਣੇ ਆਪ ਨੂੰ ਸੰਤੁਸ਼ਟ ਕਰਨ ਤੋਂ ਬਾਅਦ ਕਿ ਰਜਿਸਟਰੀਕਰਨ ਸਰਟੀਫਿਕੇਟ ਦੇ ਬਾਬਤ ਉਪ-ਧਾਰਾ (6) ਵਿੱਚ ਉਲਿਖਤ ਕੀਤੀਆਂ ਸ਼ਰਤਾਂ ਦੀ ਪਾਲਣਾ ਕੀਤੀ ਗਈ ਹੈ, ਅਰਜ਼ੀ ਪ੍ਰਾਪਤ ਹੋਣ ਦੀ ਤਰੀਕ ਤੋਂ ਤਿੰਨ ਮਹੀਨੇ ਦੇ ਅੰਦਰ, ਦੋ ਸਾਲਾਂ ਦੀ ਹੋਰ ਮੁੱਦਤ ਲਈ ਰਜਿਸਟਰੀਕਰਨ ਨੂੰ ਨਵਿਆਉਣ ਕਰੇਗੀ। ਜੇ ਨਵਿਆਉਣ ਸਰਟੀਫਿਕੇਟ ਤਿੰਨ ਮਹੀਨੇ ਦੇ ਅੰਦਰ ਜਾਰੀ ਨਹੀਂ ਕੀਤਾ

ਜਾਂਦਾ ਹੈ, ਤਾਂ ਪ੍ਰਵਾਨਗੀ ਦਿੱਤੀ ਗਈ ਸਮਝੀ ਜਾਵੇਗੀ, ਜਦੋਂ ਤੱਕ ਹੋਰ ਤਰ੍ਹਾਂ ਸੰਸੂਚਤ ਨਾ ਕੀਤਾ ਜਾਵੇ।

(9) ਕੋਈ ਵੀ ਨਵਾਂ ਗਊ-ਜਾਤੀ ਸਾਨ੍ਹ ਜੋ ਵੀਰਜ ਉਤਪਦਾਨ ਦੇ ਮਿਆਰਾਂ ਨੂੰ ਪੂਰਾ ਕਰਦਾ ਹੈ, ਨੂੰ ਅਥਾਰਟੀ ਤੋਂ ਪੂਰਵ ਪ੍ਰਵਾਨਗੀ ਅਤੇ ਜ਼ਰੂਰੀ ਪ੍ਰਮਾਣਨ ਤੋਂ ਬਿਨਾਂ ਵੀਰਜ ਉਤਪਾਦਨ ਲਈ ਵੀਰਜ ਸਟੇਸ਼ਨ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਪ੍ਰਮਾਣਤ ਸਾਨ੍ਹ ਦੀ ਮੌਤ/ਛਾਂਟੀ ਦੀ ਸੂਚਨਾ ਅਥਾਰਟੀ ਨੂੰ ਦਿੱਤੀ ਜਾਵੇਗੀ।

(10) ਅਥਾਰਟੀ, ਦਰਖ਼ਾਸਤਕਾਰ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਾਅਦ ਅਤੇ ਲਿਖਤੀ ਰੂਪ ਵਿੱਚ ਕਲਮਬੰਦ ਕੀਤੇ ਜਾਣ ਵਾਲੇ ਕਾਰਨਾਂ ਕਰਕੇ, ਰਜਿਸਟਰੀਕਰਨ ਦਾ ਸਰਟੀਫਿਕੇਟ ਜਾਰੀ ਕਰਨ ਜਾਂ ਨਵਿਆਉਣ ਤੋਂ ਇਨਕਾਰ ਕਰ ਸਕਦੀ ਹੈ।

(11) ਅਥਾਰਟੀ, ਰਜਿਸਟਰੀਕਰਨ ਦੇ ਸਰਟੀਫਿਕੇਟ ਵਿੱਚ ਉਲਿਖਤ ਕੀਤੀਆਂ ਗਈਆਂ ਸ਼ਰਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ, ਸਾਲ ਵਿੱਚ ਘੱਟੋ-ਘੱਟ ਇੱਕ ਵਾਰ, ਜਿਵੇਂ ਅਤੇ ਜਦ ਵੀ ਚਾਹੇ, ਵੀਰਜ ਸਟੇਸ਼ਨ ਦਾ ਨਿਰੀਖਣ ਕਰਨ ਲਈ ਮਾਹਿਰਾਂ ਦੀ ਇੱਕ ਕਮੇਟੀ ਭੇਜੇਗੀ।

ਵੀਰਜ ਬੈਂਕਾਂ ਦਾ ਰਜਿਸਟਰੀਕਰਨ।

10. (1) ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਅਤੇ ਤੋਂ, ਕੋਈ ਵੀ ਵਿਅਕਤੀ (ਕਿਸੇ ਵੀ ਫ਼ਰਮ, ਸੀਮਤ ਦੇਣਦਾਰੀ ਭਾਈਵਾਲੀ (ਐੱਲ.ਐੱਲ.ਪੀ.), ਕੰਪਨੀ, ਉਤਪਾਦਕ ਕੰਪਨੀ, ਸੰਸਥਾ, ਐੱਨ.ਜੀ.ਓ., ਨਸਲਕਸ਼ਾ ਦੀ ਸਭਾ, ਟਰੱਸਟ, ਕੇਂਦਰ ਜਾਂ ਰਾਜ ਸਰਕਾਰ ਦਾ ਵਿਭਾਗ, ਸਹਿਕਾਰੀ ਸਭਾ ਜਾਂ ਕੋਈ ਹੋਰ ਏਜੰਸੀ ਸਮੇਤ) ਅਥਾਰਟੀ ਤੋਂ ਰਜਿਸਟਰੀਕਰਨ ਦਾ ਸਰਟੀਫਿਕੇਟ ਪ੍ਰਾਪਤ ਕੀਤੇ ਬਿਨਾਂ ਵੀਰਜ ਬੈਂਕ ਸਥਾਪਤ ਅਤੇ ਸੰਚਾਲਤ ਨਹੀਂ ਕਰੇਗਾ।

(2) ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਗਏ ਰਜਿਸਟਰੀਕਰਨ ਦੇ ਸਰਟੀਫਿਕੇਟ ਨੂੰ ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ ਜਾਰੀ ਕੀਤਾ ਜਾਵੇਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

ਸਾਨ੍ਹਾਂ ਦਾ ਪ੍ਰਮਾਣੀਕਰਨ।

11. (1) ਇਸ ਐਕਟ ਦੇ ਅਰੰਭ ਹੋਣ ਦੀ ਤਰੀਕ ਨੂੰ ਅਤੇ ਤੋਂ, ਕੋਈ ਵੀ ਨਵਾਂ ਵੀਰਜ ਸਟੇਸ਼ਨ ਅਥਾਰਟੀ ਦੁਆਰਾ ਪ੍ਰਮਾਣਤ ਉਨ੍ਹਾਂ ਸਾਨ੍ਹਾਂ ਤੋਂ ਇਲਾਵਾ ਕਿਸੇ ਵੀ ਹੋਰ ਗਊ-ਜਾਤੀ ਸਾਨ੍ਹ ਤੋਂ ਵੀਰਜ ਉਤਪਾਦਨ ਨਹੀਂ ਕਰੇਗਾ।

(2) ਸਾਨ੍ਹਾਂ ਨੂੰ ਅਥਾਰਟੀ ਦੁਆਰਾ ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਪ੍ਰਮਾਣਤ ਕੀਤਾ ਜਾਵੇਗਾ ਜੋ ਸਰਕਾਰ ਦੁਆਰਾ ਉਲਿਖਤ ਕੀਤੀਆਂ ਜਾਣ।

(3) ਅਥਾਰਟੀ ਹਰੇਕ ਪ੍ਰਮਾਣਿਤ ਸਾਨ੍ਹ ਲਈ ਇੱਕ ਵਿਲੱਖਣ ਪਛਾਣ ਨੰਬਰ ਪੈਦਾ ਕਰੇਗੀ ਅਤੇ ਵੀਰਜ ਸਟੇਸ਼ਨਾਂ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਇਸ ਵਿਲੱਖਣ ਪਛਾਣ ਨੰਬਰ ਨੂੰ ਹਰ ਸਮੇਂ ਪ੍ਰਮਾਣਤ ਸਾਨ੍ਹਾਂ ਨੂੰ ਯਕੀਨੀ ਤੌਰ ਤੇ ਅਤੇ ਸਥਾਈ ਤੌਰ ਤੇ ਨੱਥੀ ਕਰਨ।

ਸਿਖਲਾਈ ਪ੍ਰਾਪਤ ਏ.ਆਈ. ਕਾਮਿਆਂ ਦਾ ਪ੍ਰਮਾਣਨ।

12. ਸਿਖਲਾਈ ਪ੍ਰਾਪਤ ਏ.ਆਈ. ਕਾਮਿਆਂ ਨੂੰ ਅਥਾਰਟੀ ਦੁਆਰਾ ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ, ਪ੍ਰਮਾਣਤ ਕੀਤਾ ਜਾਵੇਗਾ ਜੋ ਸਰਕਾਰ ਦੁਆਰਾ ਉਲਿਖਤ ਕੀਤੀਆਂ ਜਾਣ।

ਵੀਰਜ ਦੀ ਵਿਕਰੀ ਦਾ ਵਿਨਿਯਮਨ।

13. (1) ਕੋਈ ਵੀ, ਅਥਾਰਟੀ ਦੁਆਰਾ ਅਧਿਕਾਰਤ ਕੀਤੇ ਵਿਅਕਤੀ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਨੂੰ ਵੀਰਜ/ਭਰੂਣ ਨਹੀਂ ਵੇਚੇਗਾ, ਵੰਡੇਗਾ ਜਾਂ ਤੋਹਫ਼ੇ ਵਿੱਚ ਨਹੀਂ ਦੇਵੇਗਾ ਜਾਂ ਇੰਤਕਾਲ ਨਹੀਂ ਕਰੇਗਾ।

(2) ਪੰਜਾਬ ਰਾਜ ਤੋਂ ਬਾਹਰ ਪੈਦਾ ਹੋਏ ਕਿਸੇ ਵੀ ਵੀਰਜ/ਭਰੂਣ ਨੂੰ ਪੰਜਾਬ ਰਾਜ ਵਿੱਚ ਮਸਨੂਈ ਗਰਭਣ/ਇੰਤਕਾਲ ਲਈ ਵੇਚਣ, ਵੰਡਣ ਜਾਂ ਤੋਹਫ਼ੇ ਵਜੋਂ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਸਿਵਾਏ ਅਥਾਰਟੀ ਦੀ ਪੂਰਵ ਪ੍ਰਵਾਨਗੀ ਤੋਂ ਜੋ ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ ਦਿੱਤੀ ਹੋਵੇ, ਜਿਵੇਂ ਮੁਕੱਰਰ ਕੀਤੀਆਂ ਜਾਣ।

(3) ਕਿਸੇ ਵੀ ਹੋਰ ਦੇਸ਼ ਤੋਂ ਪੰਜਾਬ ਰਾਜ ਵਿੱਚ ਮਸਨੂਈ ਗਰਭਣ/ਇੰਤਕਾਲ ਲਈ ਕੋਈ ਵੀ ਵੀਰਜ/ਭਰੂਣ ਦਰਾਮਦ ਨਹੀਂ ਕੀਤਾ ਜਾਵੇਗਾ, ਸਿਵਾਏ ਅਥਾਰਟੀ ਦੀ ਪੂਰਵ ਪ੍ਰਵਾਨਗੀ ਤੋਂ ਜੋ ਅਜਿਹੇ ਤਰੀਕੇ ਨਾਲ ਅਤੇ ਅਜਿਹੀਆਂ ਸ਼ਰਤਾਂ ਦੇ ਤਾਬੇ ਦਿੱਤੀ ਹੋਵੇ, ਜਿਵੇਂ ਮੁਕੱਰਰ ਕੀਤੀਆਂ ਜਾਣ।

ਰਜਿਸਟਰੀਕਰਨ ਸਰਟੀਫਿਕੇਟ ਦੀ ਦੂਜੀ ਨਕਲ ਜਾਰੀ ਕਰਨਾ।

14. ਇਸ ਐਕਟ ਅਧੀਨ ਜਾਰੀ ਕੀਤਾ ਗਿਆ ਰਜਿਸਟਰੀਕਰਨ ਸਰਟੀਫਿਕੇਟ ਜਾਂ ਨਵੀਨੀਕਰਨ ਸਰਟੀਫਿਕੇਟ ਦਾ ਰੂਪ ਵਿਗਾੜ, ਗੁੰਮ ਜਾਂ ਨਸ਼ਟ ਹੋ ਜਾਂਦਾ ਹੈ, ਤਾਂ ਅਥਾਰਟੀ, ਸੰਤੁਸ਼ਟੀ ਹੋਣ ਤੇ ਦਰਖ਼ਾਸਤਕਾਰ ਨੂੰ ਅਜਿਹੀ ਫ਼ੀਸ ਦੀ ਅਦਾਇਗੀ ਤੇ ਜਿਵੇਂ ਮੁਕੱਰਰ ਕੀਤੀ ਜਾਵੇ, ਇੱਕ ਸਰਟੀਫਿਕੇਟ ਦੀ ਦੂਜੀ ਨਕਲ ਜਾਰੀ ਕਰ ਸਕਦੀ ਹੈ।

ਰਜਿਸਟਰੀਕਰਨ ਦੇ ਸਰਟੀਫਿਕੇਟ ਦਾ ਪਰਤਾਉਣਾ।

15. ਜੇ ਅਥਾਰਟੀ, ਜਾਂ ਤਾਂ ਇਸ ਸਬੰਧ ਵਿੱਚ ਉਸ ਨੂੰ ਦਿੱਤੇ ਗਏ ਹਵਾਲੇ ਤੇ ਜਾਂ ਅਥਾਰਟੀ ਦੁਆਰਾ ਗਠਤ ਮਾਹਿਰਾਂ ਦੀ ਕਮੇਟੀ ਦੀ ਜਾਂਚ ਰਿਪੋਰਟ ਦੇ ਆਧਾਰ ਤੇ ਜਾਂ ਹੋਰ ਕਿਸੇ ਤਰ੍ਹਾਂ ਸੰਤੁਸ਼ਟ ਹੋ ਜਾਂਦੀ ਹੈ ਕਿ,

(ੳ) ਇਸ ਐਕਟ ਅਧੀਨ ਇਸ ਦੁਆਰਾ ਵੀਰਜ ਸਟੇਸ਼ਨ ਨੂੰ ਜਾਰੀ ਕੀਤਾ ਗਿਆ ਰਜਿਸਟਰੀਕਰਨ ਦਾ ਸਰਟੀਫਿਕੇਟ ਗਲਤ ਬਿਆਨੀ ਜਾਂ ਕਪਟ ਦੁਆਰਾ ਪ੍ਰਾਪਤ ਕੀਤਾ ਗਿਆ ਹੈ; ਜਾਂ

(ਅ) ਰਜਿਸਟਰੀਕਰਨ ਦੇ ਸਰਟੀਫਿਕੇਟ ਦਾ ਧਾਰਕ, ਬਿਨਾਂ ਕਿਸੇ ਵਾਜਬ ਕਾਰਨ ਦੇ, ਉਨ੍ਹਾਂ ਨਿਬੰਧਨਾਂ ਅਤੇ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ ਜਿਨ੍ਹਾਂ ਦੇ ਤਾਬੇ ਸਰਟੀਫਿਕੇਟ ਦਿੱਤਾ ਗਿਆ ਹੈ ਜਾਂ ਇਸ ਐਕਟ ਦੇ ਕਿਸੇ ਵੀ ਉਪਬੰਧ ਦੀ ਉਲੰਘਣਾ ਕੀਤੀ ਹੈ ਜਾਂ ਅਜਿਹੀਆਂ ਸ਼ਰਤਾਂ ਦੀ ਪਾਲਣਾ ਨਹੀਂ ਕੀਤੀ ਹੈ, ਜੋ ਮੁਕੱਰਰ ਕੀਤੀਆਂ ਜਾਣ;

ਤਦ, ਕਿਸੇ ਹੋਰ ਕਾਰਵਾਈਆਂ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਜਿਸ ਲਈ ਸਰਟੀਫਿਕੇਟ ਧਾਰਕ ਇਸ ਐਕਟ ਅਧੀਨ ਭਾਗੀ ਹੈ, ਤਾਂ ਅਥਾਰਟੀ, ਰਜਿਸਟਰੀਕਰਨ ਦੇ ਸਰਟੀਫਿਕੇਟ ਧਾਰਕ ਨੂੰ ਕਾਰਨ ਦੱਸਣ ਦਾ ਮੌਕਾ ਦੇਣ ਤੋਂ ਬਾਅਦ;

(i) ਜਿੱਥੇ ਇਸ ਐਕਟ ਅਧੀਨ, ਕਿਸੇ ਵਿਅਕਤੀ ਤੇ ਰਜਿਸਟਰੀਕਰਨ ਜਾਂ ਨਵਿਆਉਣ ਦਾ ਸਰਟੀਫਿਕੇਟ ਜਾਰੀ ਕਰਦੇ ਸਮੇਂ, ਜਾਂ ਧਾਰਾ 9 ਅਧੀਨ ਕੋਈ ਸ਼ਰਤਾਂ ਅਰੋਪੀਆਂ ਗਈਆਂ ਹਨ, ਅਤੇ ਅਜਿਹਾ ਵਿਅਕਤੀ ਅਜਿਹੀਆਂ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫ਼ਲ ਰਿਹਾ ਹੈ, ਤਾਂ ਅਥਾਰਟੀ, ਅਜਿਹੇ ਵਿਅਕਤੀ ਨੂੰ ਸੁਣਵਾਈ ਦਾ ਮੌਕਾ ਦੇਣ ਤੋਂ ਬਅਦ, ਰਜਿਸਟਰੀਕਰਨ ਦਾ ਸਰਟੀਫਿਕੇਟ ਜਾਂ ਇਸ ਦੇ ਨਵਿਆਉਣ ਦਾ ਸਰਟੀਫਿਕੇਟ ਪਰਤਾ ਸਕੇਗੀ ਅਤੇ ਅਜਿਹੇ ਵਿਅਕਤੀ ਵਿਰੁੱਧ ਅਜਿਹੇ ਕਦਮ ਚੁੱਕੇਗੀ, ਜਿਵੇਂ ਮੁਕੱਰਰ ਕੀਤਾ ਜਾਵੇ; ਜਾਂ

(ii) ਰਜਿਸਟਰੀਕਰਨ ਜਾਂ ਨਵਿਆਉਣ ਦੇ ਸਰਟੀਫਿਕੇਟ ਨੂੰ ਉਦੋਂ ਤੱਕ ਮੁਅੱਤਲ ਕਰ ਸਕੇਗੀ ਜਦੋਂ ਤੱਕ ਸਰਟੀਫਿਕੇਟ ਦਾ ਧਾਰਕ ਅਥਾਰਟੀ ਦੀ ਸੰਤੁਸ਼ਟੀ ਲਈ ਸਾਰੀਆਂ ਲੋੜੀਂਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ; ਜਾਂ

(iii) ਇਸ ਐਕਟ ਦੇ ਉਪਬੰਧਾਂ ਦੀ ਪਾਲਣਾ ਕਰਨ ਲਈ, ਰਜਿਸਟਰੀਕਰਨ ਦੇ ਸਰਟੀਫਿਕੇਟ ਦੇ ਧਾਰਕ ਤੋਂ ਇੱਕ ਵਚਨ ਲੈ ਸਕੇਗੀ।

ਅਪੀਲ।

16. (1) ਇਸ ਐਕਟ ਦੇ ਉਪਬੰਧਾਂ ਅਧੀਨ ਰਜਿਸਟਰੀਕਰਨ ਦਾ ਸਰਟੀਫਿਕੇਟ ਦੇਣ ਜਾਂ ਨਵਿਆਉਣ ਤੋਂ ਇਨਕਾਰ ਕਰਨ ਜਾਂ ਰਜਿਸਟਰੀਕਰਨ ਦੇ ਸਰਟੀਫਿਕੇਟ ਨੂੰ ਪਰਤਾਉਣ ਜਾਂ ਮੁਅੱਤਲ ਕਰਨ ਦੇ ਅਥਾਰਟੀ ਦੇ ਹੁਕਮ ਤੋਂ ਦੁਖਤ ਕੋਈ ਵਿਅਕਤੀ ਅਪੀਲੀ ਅਥਾਰਟੀ ਅੱਗੇ ਅਪੀਲ ਦਾਇਰ ਕਰ ਸਕਦਾ ਹੈ, ਜੋ ਪਸ਼ੂ ਪਾਲਣ ਵਿਭਾਗ, ਪੰਜਾਬ ਦਾ ਪ੍ਰਬੰਧਕੀ ਸਕੱਤਰ ਹੋਵੇਗਾ।

(2) ਅਪੀਲੀ ਅਥਾਰਟੀ ਦਰਖ਼ਾਸਤਕਾਰ ਨੂੰ ਸੁਣਵਾਈ ਦਾ ਵਾਜਬ ਮੌਕਾ ਦੇਣ ਤੋਂ ਬਾਅਦ, ਅਪੀਲ ਦਾ ਫ਼ੈਸਲਾ ਜਿੰਨੀ ਛੇਤੀ ਹੋ ਸਕੇ, ਪਰ ਤਿੰਨ ਮਹੀਨਿਆਂ ਦੇ ਅੰਦਰ ਕਰੇਗੀ।

## ਅਧਿਆਏ IV

ਨਿਰੀਖਣ, ਤਲਾਸ਼ੀ ਅਤੇ ਜ਼ਬਤੀ ਦੀ ਸਕਤੀ।

17. (1) ਅਥਾਰਟੀ ਜਾਂ ਇਸ ਨਮਿੱਤ ਇਸ ਦੁਆਰਾ ਅਧਿਕਾਰਤ ਮਾਹਿਰਾਂ ਦੀ ਕਮੇਟੀ ਰਜਿਸਟਰੀਕਰਨ ਦੇ ਸਰਟੀਫਿਕੇਟ ਦੇ ਨਿਬੰਧਨਾਂ ਅਤੇ ਸ਼ਰਤਾਂ ਦੀ ਜਾਂ ਇਸ ਐਕਟ ਦੇ ਕਿਸੇ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਦੇ ਵਿਚਾਰ ਨਾਲ, ਜਾਂ ਨਿਰੀਖਣ ਅਤੇ ਪੁੱਛਗਿੱਛ ਦੇ ਪ੍ਰਯੋਜਨ ਲਈ,-

(ੳ) ਕਿਸੇ ਵੀ ਇਹਾਤੇ ਵਿੱਚ ਪ੍ਰਵੇਸ਼, ਨਿਰੀਖਣ ਅਤੇ ਤਲਾਸ਼ੀ ਕਾਰਤ ਜਾਂ ਸੰਚਾਲਤ ਕਰ ਸਕੇਗੀ ਜਿਸ ਵਿੱਚ ਇਹ ਵਿਸ਼ਵਾਸ਼ ਕਰਨ ਦਾ ਕਾਰਨ ਹੋਵੇ ਕਿ ਇਸ ਐਕਟ ਦੇ ਉਪਬੰਧਾਂ ਦੀ ਉਲੰਘਣਾ ਵਿੱਚ ਕੋਈ ਸਰਗਰਮੀ ਚੱਲ ਰਹੀ ਹੈ ਜਾਂ ਇਸ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਨਿਯਮਾਂ ਦੀ ਕੋਈ ਉਲੰਘਣਾ ਹੈ ਜਾਂ ਸਰਟੀਫਿਕੇਟ ਦਾ ਧਾਰਕ ਇਸ ਐਕਟ ਦੇ ਅਧੀਨ ਜਾਰੀ ਕੀਤੇ ਗਏ ਰਜਿਸਟਰੀਕਰਨ ਦੇ ਸਰਟੀਫਿਕੇਟ ਵਿੱਚ ਉਲਿਖਤ ਨਿਬੰਧਨਾਂ ਅਤੇ ਸ਼ਰਤਾਂ ਦੀ ਉਲੰਘਣਾ ਵਿੱਚ ਸਰਗਰਮੀਆਂ ਕਰ ਰਿਹਾ ਹੈ।

(ਅ) ਕਿਸੇ ਵੀ ਵੀਰਜ ਸਟੇਸ਼ਨ ਦੇ ਇਹਾਤੇ ਤੋਂ ਵੀਰਜ, ਖ਼ੂਨ ਜਾਂ ਵੀਰਜ ਉਤਪਾਦਨ ਵਿੱਚ ਵਰਤੀ ਜਾਣ ਵਾਲੀ ਕਿਸੇ ਹੋਰ ਸਮੱਗਰੀ ਦੇ ਨਮੂਨੇ ਇਕੱਠੇ ਕਰ ਸਕੇਗੀ ਅਤੇ ਅਜਿਹੇ ਨਮੂਨਿਆਂ ਦਾ ਕਿਸੇ ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾ ਤੋਂ ਵਿਸ਼ਲੇਸ਼ਣ ਕਰਵਾ ਸਕਦੀ ਹੈ। ਵੀਰਜ ਦੇ ਸਾਰੇ ਸਟਾਕ ਨੂੰ ਜੋ ਅਣ-ਪ੍ਰਮਾਣਤ ਸਾਨ੍ਹ ਤੋਂ ਆਇਆ ਹੈ, ਤੁਰੰਤ ਨਸ਼ਟ ਕਰ ਦਿੱਤਾ ਜਾਵੇਗਾ ਅਤੇ ਵੀਰਜ ਪ੍ਰੋਸੈਸ ਕਰਨ ਦੇ ਸਾਜ਼-ਸਮਾਨ ਨੂੰ ਮੁਹਰਬੰਦ ਕਰ ਦਿੱਤਾ ਜਾਵੇਗਾ।

(2) ਫ਼ੌਜਦਾਰੀ ਜ਼ਾਬਤਾ ਸੰਘਤਾ, 1973 ਦੇ ਤਲਾਸ਼ੀ ਅਤੇ ਜ਼ਬਤੀ ਨਾਲ ਸਬੰਧਤ ਉਪਬੰਧ, ਜਿੱਥੋਂ ਤੱਕ ਹੋ ਸਕੇ, ਉਪ-ਧਾਰਾ (1) ਅਧੀਨ ਤਲਾਸ਼ੀਆਂ ਅਤੇ ਮੁਹਰ/ਜ਼ਬਤੀਆਂ ਤੇ ਲਾਗੂ ਹੋਣਗੇ।

ਰਿਕਾਰਡ ਰੱਖਣਾ ਅਤੇ ਜਮ੍ਹਾਂ ਕਰਵਾਉਣਾ।

18. (1) ਹਰੇਕ ਵਿਅਕਤੀ ਜੋ ਇਸ ਐਕਟ ਅਧੀਨ ਰਜਿਸਟਰੀਕਰਨ ਦਾ ਸਰਟੀਫਿਕੇਟ ਧਾਰਨ ਕਰਦਾ ਹੈ ਆਪਣੇ ਕਾਰੋਬਾਰੀ ਲੈਣ-ਦੇਣ ਨਾਲ ਸਬੰਧਤ ਕਿਤਾਬਾਂ, ਲੇਖੇ ਅਤੇ ਰਿਕਾਰਡਾਂ ਨੂੰ ਅਜਿਹੇ ਰੂਪ ਵਿੱਚ ਰੱਖੇਗਾ, ਜਿਵੇਂ ਅਥਾਰਟੀ ਦੁਆਰਾ ਇਸ ਨਮਿੱਤ ਉਲਿਖਤ ਕੀਤਾ ਜਾਵੇ।

(2) ਹਰੇਕ ਵਿਅਕਤੀ ਜੋ ਵੀਰਜ ਸਟੇਸ਼ਨ/ਵੀਰਜ ਬੈਂਕ ਲਈ ਰਜਿਸਟਰੀਕਰਨ ਦਾ ਸਰਟੀਫਿਕੇਟ ਧਾਰਨ ਕਰਦਾ ਹੈ, ਉਹ ਅਥਾਰਟੀ ਨੂੰ ਵੀਰਜ ਸਟੇਸ਼ਨ/ਵੀਰਜ ਬੈਂਕ ਦੇ ਬਾਰੇ ਵਿੱਚ ਅਜਿਹੇ ਰੂਪ ਵਿੱਚ ਜਿਵੇਂ ਮੁਕੱਰਰ ਕੀਤਾ ਜਾਵੇ, ਅਤੇ ਪ੍ਰਮਾਣਨ ਲਈ ਤਜਵੀਜ਼ਤ ਨਵੇਂ ਸਾਨ੍ਹਾਂ ਦੇ ਬਾਰੇ ਜ਼ਿਨ੍ਹਾਂ ਦੇ ਵੀਰਜ ਨੂੰ ਅਜਿਹੇ ਰੂਪ ਵਿੱਚ ਵਰਤੋਂ ਵਿੱਚ ਲਿਆਂਦਾ ਜਾਣਾ ਹੈ, ਜਿਵੇਂ ਮੁਕੱਰਰ ਕੀਤਾ ਜਾਵੇ, ਇੱਕ ਸਲਾਨਾ ਰਿਪੋਰਟ ਦੋ ਪਰਤਾਂ ਵਿੱਚ ਜਮ੍ਹਾਂ ਕਰਵਾਏਗਾ।

ਨਿਰਦੇਸ਼ ਦੇਣ ਦੀ ਸ਼ਕਤੀ।

19. ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਪਰ ਇਸ ਐਕਟ ਦੇ ਉਪਬੰਧਾਂ ਅਤੇ ਇਸ ਨਮਿੱਤ ਸਰਕਾਰ ਦੁਆਰਾ ਦਿੱਤੇ ਜਾ ਸਕਦੇ ਕਿਸੇ ਨਿਰਦੇਸ਼ਾਂ ਦੇ ਤਾਬੇ, ਅਥਾਰਟੀ, ਇਸ ਐਕਟ ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਅਤੇ ਆਪਣੇ ਕਾਜਕਾਰ ਨਿਭਾਉਂਦੇ ਹੋਏ, ਕਿਸੇ ਵਿਅਕਤੀ, ਅਧਿਕਾਰੀ ਜਾਂ ਅਥਾਰਟੀ ਨੂੰ ਲਿਖਤੀ ਰੂਪ ਵਿੱਚ ਕੋਈ ਨਿਰਦੇਸ਼ ਜਾਰੀ ਕਰ ਸਕਦੀ ਹੈ, ਅਤੇ

ਅਜਿਹਾ ਵਿਅਕਤੀ, ਅਧਿਕਾਰੀ ਜਾਂ ਅਥਾਰਟੀ, ਜਿਹੀ ਕਿ ਸੂਰਤ ਹੋਵੇ, ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗਾ। ਇਸ ਧਾਰਾ ਅਧੀਨ ਨਿਰਦੇਸ਼ ਜਾਰੀ ਕਰਨ ਦੀਆਂ ਸ਼ਕਤੀਆਂ ਵਿੱਚ,-

(i) ਗਊ-ਜਾਤੀ ਨਸਲਕਸ਼ੀ ਨਾਲ ਸਬੰਧਤ ਕੋਈ ਵੀ ਅਮਲ, ਪ੍ਰਕਿਰਿਆ ਜਾਂ ਸਰਗਰਮੀ ਨੂੰ ਬੰਦ ਕਰਨ, ਮਨਾਹੀ ਕਰਨ ਜਾਂ ਵਿਨਿਯਮਤ ਕਰਨ; ਜਾਂ

(ii) ਬਿਜਲੀ, ਪਾਣੀ ਜਾਂ ਕਿਸੇ ਹੋਰ ਸੇਵਾ ਦੀ ਸਪਲਾਈ ਨੂੰ ਰੋਕਣ ਜਾਂ ਵਿਨਿਯਮਤ ਕਰਨ,

ਲਈ ਨਿਰਦੇਸ਼ ਦੇਣ ਦੀ ਸ਼ਕਤੀ ਸ਼ਾਮਲ ਹੋਵੇਗੀ।

ਇਸ ਐਕਟ ਦੀ ਉਲੰਘਣਾ ਵਿੱਚ ਫੜੀਆਂ ਗਈਆਂ ਗਊ-ਜਾਤੀ ਨਸਲਕਸ਼ੀ ਸਰਗਰਮੀਆਂ ਨੂੰ ਰੋਕਣ ਲਈ ਅਦਾਲਤਾਂ ਨੂੰ ਅਰਜ਼ੀ ਦੇਣ ਦੀ ਸ਼ਕਤੀ।

20. (1) ਜਿੱਥੇ ਅਥਾਰਟੀ ਨੂੰ ਇਹ ਸੰਸ਼ਾ ਹੋਵੇ ਕਿ ਕੋਈ ਵੀ ਵਿਅਕਤੀ, ਫ਼ਰਮ, ਕੰਪਨੀ ਜਾਂ ਗੈਰ-ਸਰਕਾਰੀ ਸੰਗਠਨ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ ਕਰਕੇ ਗਊ-ਜਾਤੀ ਨਸਲਕਸ਼ੀ ਸੇਵਾਵਾਂ ਜਾਂ ਵੀਰਜ/ਭਰੂਣ ਦੇ ਵਪਾਰ ਅਤੇ ਸਪਲਾਈ ਵਿੱਚ ਰੁੱਝਿਆ ਹੋਇਆ ਹੈ, ਤਾਂ ਅਥਾਰਟੀ ਜਾਂ ਇਸ ਦੁਆਰਾ ਅਧਿਕਾਰਤ ਕੋਈ ਅਧਿਕਾਰੀ, ਉਕਤ ਵਿਅਕਤੀ ਨੂੰ ਉਕਤ ਸਰਗਰਮੀ ਕਰਨ ਤੋਂ ਰੋਕਣ ਲਈ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੀ ਅਦਾਲਤ ਵਿੱਚ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

(2) ਉਪ-ਧਾਰਾ (1) ਅਧੀਨ ਅਰਜ਼ੀ ਪ੍ਰਾਪਤ ਹੋਣ ਤੇ, ਅਦਾਲਤ ਕਿਸੇ ਅਜਿਹੇ ਵਿਅਕਤੀ ਨੂੰ ਉਕਤ ਸਰਗਰਮੀ ਕਰਨ ਤੋਂ ਰੋਕਣ ਦਾ ਹੁਕਮ ਪਾਸ ਕਰ ਸਕਦੀ ਹੈ ਜਾਂ ਅਜਿਹੇ ਨਿਰਦੇਸ਼ ਦੇ ਸਕਦੀ ਹੈ ਜਾਂ ਅਜਿਹਾ ਹੁਕਮ ਪਾਸ ਕਰ ਸਕਦੀ ਹੈ ਜਿਵੇਂ ਉਹ ਉਚਿਤ ਸਮਝੇ।

ਡੰਨ।

21. (1) ਕੋਈ ਵਿਅਕਤੀ ਜੋ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧ ਦੀ ਉਲੰਘਣਾ ਜਾਂ ਖ਼ਿਲਾਫ਼ਵਰਜੀ ਕਰਦਾ ਹੈ, ਤਾਂ ਉਸ ਨੂੰ ਇੱਕ ਲੱਖ ਰੁਪਏ ਤੱਕ ਦਾ ਜੁਰਮਾਨਾ ਜਾਂ ਇੱਕ ਸਾਲ ਤੱਕ ਦੀ ਸਖਤ ਕੈਦ, ਜਾਂ ਦੋਵੇਂ ਸਜ਼ਾਵਾਂ ਦਿੱਤੀਆਂ ਜਾਣਗੀਆਂ।

(2) ਇਸ ਤਰ੍ਹਾਂ ਲਗਾਇਆ ਗਿਆ ਜੁਰਮਾਨਾ, ਸਬੰਧਤ ਵਿਅਕਤੀ ਤੋਂ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲਿਆ ਜਾ ਸਕੇਗਾ।

ਅਪਰਾਧਾਂ ਦਾ ਸਮਾਇਤ ਅਧਿਕਾਰ।

22. (1) ਕੋਈ ਅਦਾਲਤ ਇਸ ਐਕਟ ਅਧੀਨ ਸਿਵਾਏ ਅਥਾਰਟੀ ਜਾਂ ਇਸ ਵੱਲੋਂ ਇਸ ਨਮਿੱਤ ਅਧਿਕਾਰਤ ਕਿਸੇ ਅਧਿਕਾਰੀ ਦੁਆਰਾ ਕੀਤੀ ਗਈ ਸ਼ਿਕਾਇਤ ਦੇ, ਕਿਸੇ ਵੀ ਅਪਰਾਧ ਦਾ ਸਮਾਇਤ ਅਧਿਕਾਰ ਨਹੀਂ ਲਵੇਗੀ।

(2) ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਤੋਂ ਹੇਠਲੀ ਕੋਈ ਵੀ ਅਦਾਲਤ ਇਸ ਐਕਟ ਅਧੀਨ ਸਜ਼ਾ ਯੋਗ ਕਿਸੇ ਵੀ ਅਪਰਾਧ ਦਾ ਵਿਚਾਰਣ ਨਹੀਂ ਕਰੇਗੀ।

(3) ਇਸ ਐਕਟ ਅਧੀਨ ਸਜ਼ਾ ਯੋਗ ਅਪਰਾਧਾਂ ਲਈ, ਸਿਵਾਏ ਅਥਾਰਟੀ ਦੁਆਰਾ, ਅਧਿਸੂਚਨਾ ਦੁਆਰਾ, ਇਸ ਨਮਿੱਤ ਅਧਿਕਾਰਤ ਅਧਿਕਾਰੀ ਦੀ ਪੂਰਵ ਪ੍ਰਵਾਨਗੀ ਦੇ, ਕੋਈ ਮੁਕੱਦਮਾ ਨਹੀਂ ਚਲਾਇਆ ਜਾਵੇਗਾ।

(4) ਇਸ ਐਕਟ ਅਧੀਨ ਅਣਅਧਿਕਾਰਤ ਵੀਰਜ ਜਾਂ ਗਲਤ ਬ੍ਰਾਂਡ ਵਾਲੇ ਜਾਂ ਘਟੀਆ ਮਿਆਰ ਵਾਲੇ ਵੀਰਜ ਦਾ ਉਤਪਾਦਨ, ਕਬਜ਼ਾ, ਵੰਡ, ਵਿਕਰੀ, ਕਿਸੇ ਵੀ ਰੂਪ ਵਿੱਚ ਇੰਤਕਾਲ, ਦਰਾਮਦ-ਬਰਾਮਦ ਜਾਂ ਵਰਤੋਂ ਇੱਕ ਸਮਾਇਤ ਯੋਗ ਅਪਰਾਧ ਹੋਵੇਗਾ।

## ਅਧਿਆਏ V

## ਫੁਟਕਲ

ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾ ਦੀ ਰਿਪੋਰਟ।

23. ਕਿਸੇ ਵੀ ਦਸਤਾਵੇਜ਼ ਨੂੰ ਜੋ ਕਿਸੇ ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾ ਦੁਆਰਾ ਠੀਕ ਤੌਰ ਤੇ ਜਾਰੀ ਕੀਤੀ ਗਈ ਰਿਪੋਰਟ ਹੋਣਾ ਤਾਤਪਰਜਤ ਹੈ, ਇਸ ਐਕਟ ਅਧੀਨ ਕਿਸੇ ਵੀ ਕਾਰਵਾਈ ਵਿੱਚ ਉਸ ਵਿੱਚ ਦੱਸੇ ਗਏ ਤੱਥਾਂ ਦੇ ਸਬੂਤ ਵਜੋਂ ਵਰਤਿਆ ਜਾ ਸਕਦਾ ਹੈ।

ਸਹਾਇਤਾ ਲਈ ਸਥਾਨਕ ਅਥਾਰਟੀਆਂ।

24. ਸਾਰੀਆਂ ਸਥਾਨਕ ਅਥਾਰਟੀਆਂ ਅਥਾਰਟੀ ਨੂੰ ਆਪਣੇ ਕਾਰਜਾਂ ਨੂੰ ਨਿਭਾਉਣ ਲਈ ਅਜਿਹੀ ਲੋੜੀਂਦੀ ਮੱਦਦ ਅਤੇ ਸਹਾਇਤਾ ਪ੍ਰਦਾਨ ਕਰਨਗੀਆਂ ਅਤੇ ਅਜਿਹੀ ਜਾਣਕਾਰੀ ਮੁਹੱਈਆ ਕਰਨਗੀਆਂ, ਅਤੇ ਅਜਿਹੇ ਰਿਕਾਰਡ ਜਾਂ ਦਸਤਾਵੇਜ਼ ਨਿਰੀਖਣ ਅਤੇ ਪਰਖ ਲਈ ਉਪਲੱਬਧ ਕਰਵਾਉਣਗੀਆਂ, ਜਿਵੇਂ ਜ਼ਰੂਰੀ ਹੋਵੇ।

ਰਿਪੋਟਾਂ।

25. ਅਥਾਰਟੀ ਸਰਕਾਰ ਨੂੰ ਸਮੇਂ-ਸਮੇਂ ਤੇ ਆਪਣੇ ਫੰਡਾਂ, ਸਰਗਰਮੀਆਂ ਜਾਂ ਨੀਤੀਆਂ ਬਾਰੇ ਅਜਿਹੀਆਂ ਰਿਪੋਟਾਂ, ਅੰਕੜੇ ਅਤੇ ਹੋਰ ਜਾਣਕਾਰੀ ਮੁਹੱਈਆ ਕਰੇਗੀ ਜਿਵੇਂ ਸਰਕਾਰ ਦੁਆਰਾ ਲੋੜਿਆ ਜਾਵੇ।

ਅਥਾਰਟੀ ਦੇ ਮਾਹਿਰਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਲੋਕ ਸੇਵਕ ਹੋਣਾ।

26. ਅਥਾਰਟੀ ਦੇ ਸਾਰੇ ਮਾਹਿਰ, ਅਧਿਕਾਰੀ ਅਤੇ ਕਰਮਚਾਰੀ, ਜਦੋਂ ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਕਿਸੇ ਵੀ ਉਪਬੰਧ ਦੇ ਅਨੁਸਰਣ ਵਿੱਚ ਕਾਰਜ ਕਰਦੇ ਹਨ ਜਾਂ ਕਾਰਜ ਕਰਨ ਵਿੱਚ ਤਾਤਪਰਜਤ ਹਨ, ਭਾਰਤੀ ਦੰਡ ਸੰਘਤਾ ਦੀ ਧਾਰਾ 21 ਦੇ ਅਰਥਾਂ ਅੰਦਰ ਲੋਕ ਸੇਵਕ ਸਮਝੇ ਜਾਣਗੇ।

ਅਧਿਕਾਰਤਾ ਤੇ ਰੋਕ।

27. ਕਿਸੇ ਵੀ ਦੀਵਾਨੀ ਅਦਾਲਤ ਨੂੰ ਕਿਸੇ ਵੀ ਮਾਮਲੇ ਵਿੱਚ, ਜਿਸ ਦੇ ਬਾਰੇ ਵਿੱਚ ਸਰਕਾਰ ਜਾਂ ਕੋਈ ਹੋਰ ਵਿਅਕਤੀ ਜਾਂ ਅਥਾਰਟੀ ਨੂੰ ਇਸ ਐਕਟ ਦੁਆਰਾ ਸਮਾਇਤ ਅਧਿਕਾਰ ਲੈਣ ਅਤੇ ਨਿਪਟਾਰੇ ਲਈ ਸ਼ਕਤੀ ਦਿੱਤੀ ਗਈ ਹੈ, ਅਤੇ ਜਿਸ ਤਰੀਕੇ ਨਾਲ ਸਰਕਾਰ ਜਾਂ ਅਜਿਹਾ ਵਿਅਕਤੀ ਜਾਂ ਅਥਾਰਟੀ ਇਸ ਐਕਟ ਦੁਆਰਾ ਜਾਂ ਅਧੀਨ ਉਸ ਨੂੰ ਜਾਂ ਉਸ ਵਿੱਚ ਨਿਹਿਤ ਕਿਸੇ ਸ਼ਕਤੀ ਦੀ ਵਰਤੋਂ ਕਰ ਸਕਦੇ ਹਨ, ਕੋਈ ਅਧਿਕਾਰਤਾ ਨਹੀਂ ਹੋਵੇਗੀ।

28. ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਰਣ ਵਿੱਚ ਨੇਕ ਨੀਤੀ ਅਤੇ ਲੋਕ ਹਿੱਤ ਵਿੱਚ ਕੀਤੇ ਗਏ ਜਾਂ ਕੀਤੇ ਜਾਣੇ ਚਿਤਵਤ ਕਿਸੇ ਵੀ ਕੰਮ ਦੇ ਸਬੰਧ ਵਿੱਚ ਅਥਾਰਟੀ ਦੇ ਕਿਸੇ ਮੈਂਬਰ, ਅਧਿਕਾਰੀ ਜਾਂ ਕਰਮਚਾਰੀਆਂ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋਵੇਗੀ। ਨੇਕ ਨੀਤੀ ਨਾਲ ਕੀਤੀ ਗਈ ਕਾਰਵਾਈ ਦਾ ਬਚਾਉ।

29. (1) ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ। ਸਰਕਾਰ ਦੀ ਨਿਯਮ ਬਣਾਉਣ ਦੀ ਸ਼ਕਤੀ।

(2) ਖ਼ਾਸ ਤੌਰ ਤੇ ਅਤੇ ਉਪਰੋਕਤ ਸ਼ਕਤੀਆਂ ਦੀ ਵਿਆਪਕਤਾ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਸਰਕਾਰ ਅਜਿਹੇ ਨਿਯਮ ਬਣਾ ਸਕਦੀ ਹੈ, ਜੋ ਕਿਸੇ ਹੋਰ ਮਾਮਲੇ ਲਈ ਉਪਬੰਧ ਕਰ ਸਕਦੇ ਹਨ, ਜੋ ਮੁਕੱਰਰ ਕੀਤਾ ਜਾਣਾ ਹੈ ਜਾਂ ਕੀਤਾ ਜਾ ਸਕਦਾ ਹੈ।

(3) ਇਸ ਐਕਟ ਅਧੀਨ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦੋਂ ਉਹ ਪੰਦਰਾਂ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ, ਜੋ ਕਿ ਇੱਕ ਇਜਲਾਸ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਅਜਿਹਾ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਇਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਪ੍ਰਭਾਵੀ ਹੋਵੇਗਾ ਜਾਂ, ਜਿਹੀ ਕਿ ਸੂਰਤ ਹੋਵੇ, ਉਸਦਾ ਕੋਈ ਪ੍ਰਭਾਵ ਨਹੀਂ ਹੋਵੇਗਾ। ਹਾਲਾਂਕਿ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਜਾਂ ਲੋਪ ਕੀਤੀ ਜਾਣੀ ਕਿਸੇ ਗੱਲ ਦੀ ਜਾਇਜ਼ਤਾ 'ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

30. (1) ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਸਰਕਾਰ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ ਜੋ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਜਾਪਦੇ ਹੋਣ। ਕਠਨਾਈਆਂ ਦੂਰ ਕਰਨ ਦੀ ਸ਼ਕਤੀ।

(2) ਸਰਕਾਰ ਇਸ ਐਕਟ ਦੇ ਉਪਬੰਧਾਂ ਦਾ ਪਰਿਪਾਲਣ ਕਰਨ ਦੇ ਪ੍ਰਯੋਜਨ ਲਈ ਅਥਾਰਟੀ ਨੂੰ ਅਜਿਹੀਆਂ ਸੇਧਾਂ ਜਾਰੀ ਕਰ ਸਕਦੀ ਹੈ ਜੋ ਉਹ ਉਚਿਤ ਸਮਝੇ।

31. ਅਥਾਰਟੀ ਦੇ ਫ਼ੰਡ ਪਸ਼ੂ ਪਾਲਣ ਵਿਭਾਗ, ਪੰਜਾਬ ਦੇ ਬਜਟ ਵੰਡ ਹੋਣਗੇ। ਅਥਾਰਟੀ ਦੇ ਫ਼ੰਡ।

32. (1) ਪੰਜਾਬ ਪਸ਼ੂ ਧਨ ਸੁਧਾਰ ਐਕਟ, 1953 (1953 ਦਾ ਪੰਜਾਬ ਐਕਟ ਨੰ: 47), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ। ਨਿਰਸਨ ਅਤੇ ਬਚਾਉ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਐਕਟ ਅਧੀਨ ਕੀਤੀ ਗਈ ਕੋਈ ਗੱਲ ਜਾਂ ਕੀਤੀ ਗਈ ਕੋਈ

ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3569/11-2025/Pb. Govt. Press, S.A.S. Nagar*